ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

Excellence in Agri Info

# ਖੇਤੀ ਦੁਨੀਆਂ

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 03-02-2024 • Vol.42 No.05 • Ph. : 0175-2214575, 90410-14575 • Page : 16 | E-mail : khetiduniyan1983@gmail.com


# ਹਲਕੀ ਬਰਸਾਤ ਕਣਕ ਦੀ ਫਸਲ ਲਈ ਵਰਦਾਨ ਸਾਬਤ ਹੋਵੇਗੀ



ਪਿਛਲੇ ਦਿਨੀਂ ਮੌਸਮ 'ਚ ਆਏ ਬਦਲਾਅ ਕਾਰਨ ਹੋਈ ਹਲਕੀ ਬੂੰਦਾ-ਬਾਂਦੀ ਨਾਲ ਜਿੱਥੇ ਪਿਛਲੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਪੈ ਰਹੀ ਕੜਾਕੇ ਦੀ ਠੰਢ ਤੋਂ ਰਾਹਤ ਮਿਲੀ ਹੈ ਉੱਥੇ ਹੀ ਇਹ ਹਲਕੀ ਬਰਸਾਤ ਹਾੜ੍ਹੀ ਦੀਆਂ ਫਸਲਾਂ ਲਈ ਵੀ ਵਰਦਾਨ ਸਾਬਤ ਹੋਵੇਗੀ। ਇਸ ਤੋਂ ਪਹਿਲਾਂ ਵੀ ਭਾਵੇਂ ਠੰਢ ਨਾਲ ਕਣਕ ਦੀ ਫਸਲ ਨੂੰ ਫਾਇਦਾ ਹੋ ਰਿਹਾ ਪ੍ਰੰਤੂ ਬੀਤੇ ਦਿਨੀਂ ਰੁਕ ਰੁਕ ਕੇ ਹੋਈ ਹਲਕੀ ਬਰਸਾਤ ਕਣਕ ਦੀ ਫਸਲ ਲਈ ਦੇਸੀ ਘਿਓ ਦਾ ਕੰਮ ਕਰੇਗੀ, ਕਿਉਂਕਿ ਇਸ ਬਰਸਾਤ ਨਾਲ ਕਣਕ ਦੀ ਫਸਲ ਪੂਰੀ ਤਰ੍ਹਾਂ ਪ੍ਰਫੁੱਲਤ ਹੋਵੇਗੀ ਤੇ ਸੁੱਕੀ ਠੰਢ ਤੋਂ ਰਾਹਤ ਮਿਲ ਗਈ ਹੈ। ਹਲਕੀ ਬਰਸਾਤ ਕਾਰਨ ਸੁੱਕੀ ਠੰਢ ਤੋਂ ਮਿਲੀ ਰਾਹਤ ਨਾਲ ਕਣਕ ਤੋਂ ਇਲਾਵਾ ਸਬਜ਼ੀਆਂ ਤੇ ਹੋਰਨਾਂ ਫਸਲਾਂ ਨੂੰ ਬੜਾਵਾ ਮਿਲੇਗਾ ਕਿਉਂਕਿ ਸੁੱਕੀ ਠੰਢ ਕਾਰਨ ਇਨ੍ਹਾਂ ਫਸਲਾਂ ਦਾ ਵਾਧਾ ਰੁੱਕ ਗਿਆ ਸੀ ਤੇ ਕਈ ਫਸਲਾਂ ਨੂੰ ਠੰਢ ਕਾਰਨ ਝੁਲਸ ਰੋਗ ਨੇ ਵੀ ਆਪਣੀ ਲਪੇਟ 'ਚ ਲੈ ਰੱਖਿਆ ਸੀ। ਕੜਾਕੇ ਦੀ ਠੰਢ ਕਾਰਨ ਟਮਾਟਰਾਂ 'ਤੇ ਆਲੂ ਦੀ ਫਸਲ 'ਤੇ ਵੱਡੇ ਪੱਧਰ 'ਤੇ ਝੁਲਸ ਰੋਗ ਦੇ ਹੋਏ ਹਮਲੇ ਨਾਲ ਫਸਲ ਖਰਾਬ ਹੋਈ ਹੈ ਅਤੇ ਹੁਣ ਮੌਸਮ 'ਚ ਆਏ ਬਦਲਾਅ ਕਾਰਨ ਆਲੂਆਂ ਤੇ ਟਮਾਟਰਾਂ ਦੀਆਂ ਪਛੇਤੀਆਂ ਫਸਲਾਂ ਨੂੰ ਰਾਹਤ ਮਿਲੇਗੀ।

ਦੂਜੇ ਪਾਸੇ ਲੰਬਾ ਸਮਾਂ ਚੱਲੀ ਹੱਡ ਚੀਰਵੀਂ ਸੀਤ ਲਹਿਰ ਕਾਰਨ ਵੱਧੀ ਠਾਰੀ ਤੋਂ ਵੀ ਲੋਕਾਂ ਨੂੰ ਆਉਣ ਵਾਲੇ ਸਮੇਂ ਦੌਰਾਨ ਰਾਹਤ ਮਿਲੇਗੀ। ਭਾਵੇਂ ਕਿ ਪਟਿਆਲਾ ਜ਼ਿਲ੍ਹੇ 'ਚ ਹਾਲੇ ਤੱਕ ਬਰਸਾਤ ਹਲਕੀ ਹੋਈ ਹੈ ਪ੍ਰੰਤੂ ਮੌਸਮ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਦੌਰਾਨ ਭਾਰੀ ਬਾਰਿਸ਼ ਤੇ ਗੜੇਮਾਰੀ ਦੀ ਵੀ ਚੇਤਾਵਨੀ ਜਾਰੀ ਕੀਤੀ ਹੋਈ ਹੈ।

### ਬਰਸਾਤ ਫਸਲਾਂ ਲਈ ਵਰਦਾਨ : ਡਾ. ਜਸਵਿੰਦਰ ਸਿੰਘ

ਇਸ ਸਬੰਧੀ ਗੱਲਬਾਤ ਕਰਦਿਆਂ ਜ਼ਿਲ੍ਹਾ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ 'ਚ ਹੁਣ ਤੱਕ ਹੋਈ ਹਲਕੀ ਬਰਸਾਤ ਸਾਰੀਆਂ ਹੀ ਫਸਲਾਂ ਲਈ ਲਾਹੇਵੰਦ ਹੈ ਪ੍ਰੰਤੂ ਕਣਕ ਦੀ ਫਸਲ ਲਈ ਵਿਸ਼ੇਸ਼ ਤੌਰ 'ਤੇ ਵਰਦਾਨ ਸਾਬਤ ਹੋਵੇਗੀ ਕਿਉਂਕਿ ਇਸ ਨਾਲ ਠੰਢ ਲੰਬਾ ਸਮਾਂ ਰਹੇਗੀ ਅਤੇ ਠੰਢ ਦੌਰਾਨ ਫਸਲ ਦਾ ਵੈਜੀਟੇਟਿਵ ਪੀਰੀਅਡ ਠੀਕ ਬੀਤਦਾ ਹੈ, ਜਿਸ ਦੌਰਾਨ ਫਸਲ ਪੂਰੀ ਤਰ੍ਹਾਂ ਵਧਦੀ ਫੁੱਲਦੀ ਹੈ। ਉਨ੍ਹਾਂ ਆਖਿਆ ਕਿ ਜੇਕਰ ਬਰਸਾਤ ਦਾ ਪਾਣੀ ਸਬਜ਼ੀਆਂ 'ਚ ਨਾ ਖੜ੍ਹੇ ਨਾ ਇਸ ਨਾਲ ਸਬਜ਼ੀਆਂ ਵੀ ਭਰਪੂਰ ਮਾਤਰਾ 'ਚ ਹੋਣਗੀਆਂ ਕਿਉਂਕਿ ਸੁੱਕੀ ਠੰਢ ਤੋਂ ਮੁਕਤੀ ਮਿਲੇਗੀ।

## ਕਣਕ ਦਾ ਝਾੜ ਬੰਪਰ ਹੋਣ ਦਾ ਅਨੁਮਾਨ



ਰਾਸ਼ਟਰੀ ਪੁਰਸਕਾਰ ਜੇਤੂ ਰਾਜਮੋਹਨ ਸਿੰਘ ਕਾਲੇਕਾ ਨੇ ਆਖਿਆ ਕਿ ਭਾਵੇਂ ਕਿ ਪਟਿਆਲਾ ਜ਼ਿਲ੍ਹੇ 'ਚ ਹਾਲੇ ਤੱਕ ਬਹੁਤ ਘੱਟ ਮੀਂਹ ਪਿਆ ਹੈ ਫਿਰ ਵੀ ਹਲਕੀ ਬਰਸਾਤ ਕਣਕ ਦੀ ਫਸਲ ਲਈ ਬਹੁਤ ਫਾਇਦੇਮੰਦ ਹੈ ਅਤੇ ਪਿਛਲੇ ਦਿਨਾਂ ਤੋਂ ਪੈ ਰਹੀ ਠੰਢ ਕਾਰਨ ਕਣਕ ਦਾ ਬੰਪਰ ਝਾੜ ਰਹਿਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਮੀਂਹ ਨਾਲ ਫਸਲਾਂ ਵਧਦੀਆਂ ਫੁੱਲਦੀਆਂ ਹਨ ਅਤੇ ਗੜੇਮਾਰੀ ਨਾਲ ਨੁਕਸਾਨ ਹੋਣ ਦਾ ਖਤਰਾ ਹੁੰਦਾ ਹੈ।

## ਪੰਜਾਬ ਵਿੱਚ ਕਈ ਥਾਈਂ ਗੜੇਮਾਰੀ ਨੇ ਕਿਸਾਨਾਂ ਦੇ ਸੁਪਨਿਆਂ 'ਤੇ ਫੇਰਿਆ ਪਾਣੀ

ਪੰਜਾਬ ਵਿੱਚ ਪਿਛਲੇ ਦਿਨੀਂ ਕਈ ਥਾਈਂ ਬਾਰਿਸ਼ ਅਤੇ ਗੜੇਮਾਰੀ ਹੋਈ। ਜਿਸ ਨਾਲ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀਆਂ ਫਸਲਾਂ ਨੂੰ ਤਬਾਹ ਕਰ ਦਿੱਤਾ ਹੈ। ਬੇਮੌਸਮੀ ਬਰਸਾਤ ਅਤੇ ਭਾਰੀ ਗੜ੍ਹੇਮਾਰੀ ਨਾਲ ਖਰਾਬ ਹੋਈਆਂ ਫਸਲਾਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨਾਂ ਨੇ ਦੱਸਿਆ ਕਿ ਵੀਰਵਾਰ ਸਵੇਰੇ ਅਚਾਨਕ ਹੋਈ ਭਾਰੀ ਗੜੇਮਾਰੀ ਤੇ ਬਰਸਾਤ ਨੇ ਕਿਸਾਨਾਂ ਦੀ ਕਣਕ, ਸਰ੍ਹੋਂ, ਮਟਰ, ਪਿਆਜ਼, ਆਲੂ ਤੇ ਹੋਰ ਫਸਲਾਂ ਤੋਂ ਇਲਾਵਾ ਪਸ਼ੂਆਂ ਲਈ ਬੀਜਿਆ ਹਰਾ ਚਾਰਾ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸਵੇਰੇ ਅਚਾਨਕ ਇਕਦਮ ਅਸਮਾਨ ਵਿਚ ਕਾਲੀ ਘਟਾ ਛਾ ਗਈ ਅਤੇ ਹਨੇਰਾ ਹੋ ਗਿਆ। ਜਿਸ ਮਗਰੋਂ ਇੱਕ ਦਮ ਸੁੱਕੇ ਗੜ੍ਹੇਮਾਰੀ ਹੋਈ। ਕਿਸਾਨਾਂ ਨੇ ਦੱਸਿਆ ਕਿ ਜਿਸ ਤਰ੍ਹਾਂ ਗੜ੍ਹੇਮਾਰੀ ਹੋਈ ਅਜਿਹੀ ਗੜ੍ਹੇਮਾਰੀ ਉਨ੍ਹਾਂ ਨੇ ਪਹਿਲਾਂ ਨਹੀਂ ਵੇਖੀ। ਕਿਸਾਨਾਂ ਨੇ ਸੂਬਾ ਸਰਕਾਰ ਤੋਂ ਗੜ੍ਹੇਮਾਰੀ ਨਾਲ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।


ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ 2024 ਵਿੱਚ ਲਗਾਏ ਜਾ ਰਹੇ

ਕਿਸਾਨ ਮੇਲੇ

ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ

ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ

ਬਠਿੰਡਾ 12 ਮਾਰਚ

ਫਰੀਦਕੋਟ 18 ਮਾਰਚ

ਗੁਰਦਾਸਪੁਰ 20 ਮਾਰਚ

ਰੌਣੀ (ਪਟਿਆਲਾ) 22 ਮਾਰਚ

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 28 ਫਰਵਰੀ ਤੋਂ 1 ਮਾਰਚ ਤੱਕ



KSA BEW KSP

KS Group PUNJAB

www.ksagrotech.org

sales@ksagrotech.org

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ




KSA Straw Reaper

ਕ੍ਰਾਂਤੀ ਸਟਰਾ-ਰੀਪਰ ਬੁੱਕ ਕਰਵਾਓ

Contact No.

+91 92170-70555

+91 92170-71755

ਕੇ.ਐਸ. ਐਗਰੋਟੈਕ ਪ੍ਰਾ.ਲਿ.

ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ

# ਸੂਰਜਮੁਖੀ ਦੇ ਵਧੇਰੇ ਝਾੜ ਲਈ ਉਤਪਾਦਨ ਤਕਨੀਕਾਂ ਅਤੇ ਦੋਗਲੀਆਂ ਕਿਸਮਾਂ

**ਸ਼ੈਲੀ ਨਇਅਰ-ਧਾਲੀਵਾਲ, ਵਿਨੀਤਾ ਕੈਲਾ ਅਤ ਪੰਕਜ ਸ਼ਰਮਾ,**
**ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ.94648-79346)**

**ਫਸਲੀ ਚੱਕਰ** : ਇਸ ਦੀ ਕਾਸ਼ਤ ਝੋਨਾ-ਆਲੂ-ਸੂਰਜਮੁੱਖੀ, ਝੋਨਾ-ਤੋਰੀਆ-ਸੂਰਜਮੁਖੀ, ਬਾਸਮਤੀ-ਸੂਰਜਮੁਖੀ, ਮੱਕੀ-ਆਲੂ-ਸੂਰਜਮੁਖੀ, ਮੱਕੀ-ਤੋਰੀਆ-ਸੂਰਜਮੁਖੀ, ਸੋਇਆਬੀਨ-ਸੂਰਜਮੁਖੀ, ਸਾਉਣੀ ਦਾ ਚਾਰਾ-ਤੋਰੀਆ-ਸੂਰਜਮੁਖੀ ਆਦਿ ਫਸਲੀ ਚੱਕਰਾਂ



ਵਿਚ ਕਾਮਯਾਬੀ ਨਾਲ ਜਾ ਸਕਦੀ ਹੈ ।

**ਉੱਨਤ ਦੋਗਲੀਆਂ ਕਿਸਮਾਂ**

ਪੀ ਐਸ ਐਚ 2080, ਪੀ ਐਸ ਐਚ 996, ਪੀ ਐਸ ਐਚ 1962, ਡੀ ਕੇ 3849

**ਬਿਜਾਈ ਦਾ ਸਮਾਂ** : ਜਨਵਰੀ ਦਾ ਮਹੀਨਾ ।

**ਬੀਜ ਦੀ ਮਾਤਰਾ** : ਦੋ ਕਿਲੋ ਬੀਜ ਪ੍ਰਤੀ ਏਕੜ ।

**ਬੀਜ ਦੀ ਸੋਧ** : ਬਿਜਾਈ ਤੋਂ ਪਹਿਲਾਂ ਪ੍ਰਤੀ ਕਿਲੋ ਬੀਜ ਨੂੰ 6 ਗ੍ਰਾਮ ਟੈਗਰਾਨ 35 ਡਬਲਯੂ ਐਸ (ਮੈਟਾਲੈਕਸੱਲ) ਨਾਲ ਜ਼ਰੂਰ ਸੋਧ ਲੈਣਾ ਚਾਹੀਦਾ ਹੈ ।

**ਬਿਜਾਈ ਦਾ ਢੰਗ** : ਫਸਲ ਦੀ ਬਿਜਾਈ ਪੂਰਬ-ਪੱਛਮ ਦਿਸ਼ਾ ਵਿਚ 60 ਸੈ. ਮੀ. ਦੀ ਦੂਰੀ ਤੇ ਬਣਾਈਆਂ (10-15 ਸੈਂਟੀਮੀਟਰ ਉੱਚੀਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਕੀਤੀ ਜਾਣੀ ਚਾਹੀਦੀ ਹੈ । ਬੀਜ ਨੂੰ 30 ਸੈ. ਮੀ. ਦੇ ਫਾਸਲੇ ਤੇ ਵੱਟ ਦੇ ਸਿਰੇ ਤੋਂ 6-8 ਸੈਂਟੀਮੀਟਰ ਹੇਠਾਂ 4-5 ਸੈਂਟੀਮੀਟਰ ਦੀ ਡੂੰਘਾਈ ਤੇ ਬੀਜੋ ।

**ਪਨੀਰੀ ਦੁਆਰਾ ਸੂਰਜਮੁੱਖੀ ਦੀ ਕਾਸ਼ਤ** : ਜੇਕਰ ਕਿਸੇ ਕਾਰਨਾਂ ਵਜੋਂ (ਬੇਮੌਸਮੀ ਵਰਖਾ, ਠੰਡ) ਪਤਝੜ ਰੁੱਤ ਦੀ ਫਸਲ ਦੀ ਵਾਢੀ ਸਮੇਂ ਸਿਰ ਨਾ ਹੋਣ ਸਦਕਾ ਸੂਰਜਮੁਖੀ ਦੀ ਬਿਜਾਈ ਫਰਵਰੀ ਤੱਕ ਪਛੇਤੀ ਹੁੰਦੀ ਜਾਪੇ ਤਾਂ ਸਿੱਧੀ ਬਿਜਾਈ ਦੀ ਥਾਂ ਇਸ ਦੀ ਪਨੀਰੀ ਰਾਹੀਂ ਕਾਸ਼ਤ ਨੂੰ ਤਰਜੀਹ ਦੇਣੀ ਚਾਹੀਦੀ ਹੈ । ਇਸ ਨਾਲ ਫਸਲ ਛੇਤੀ ਪੱਕ ਜਾਂਦੀ ਹੈ ਅਤੇ ਝਾੜ ਵੀ ਵੱਧ ਮਿਲਦਾ ਹੈ ।

**ਖਾਦਾਂ** : ਦਰਮਿਆਨੀਆਂ ਉਪਜਾਊ ਸ਼ਕਤੀ ਵਾਲੀਆਂ ਜ਼ਮੀਨਾਂ ਲਈ 50 ਕਿਲੋ ਯੂਰੀਆ (24 ਕਿੱਲੋ ਨਾਈਟ੍ਰੋਜਨ), 75 ਕਿਲੋ ਸਿੰਗਲ ਸੁਪਰਫਾਸਫੇਟ (12 ਕਿਲੋ ਫਾਸਫੋਰਸ) ਅਤੇ 20 ਕਿਲੋਂ ਮਿਊਰੇਟ ਆਫ ਪੋਟਾਸ਼ (12 ਕਿਲੋ ਪੋਟਾਸ਼ੀਅਮ) ਪ੍ਰਤੀ ਏਕੜ ਦੀ ਵਰਤੋਂ ਦੀ ਸਿਫਾਰਸ਼ ਕੀਤੀ ਗਈ ਹੈ ।

**ਰਲਵੀਂ ਖੇਤੀ** : ਸੂਰਜਮੁਖੀ ਤੇ ਮੈਂਥੇ ਦੀ ਰਲਵੀਂ ਬਿਜਾਈ ਕਰਕੇ ਵੱਧ ਮੁਨਾਫਾ ਲਿਆ ਜਾ ਸਕਦਾ ਹੈ । ਇਸ ਲਈ ਜਨਵਰੀ ਦੇ ਅਖੀਰ ਸੂਰਜਮੁਖੀ ਦੀ ਦੋ ਕਤਾਰਾਂ (ਉੱਤਰ-ਦੱਖਣ ਦਿਸ਼ਾ ਵਿਚ) ਵਿਚਕਾਰ ਮੈਂਥੇ ਦੀਆਂ ਦੋ ਕਤਾਰਾਂ ਲਗਾਉ ।

**ਕਟਾਈ ਅਤੇ ਗਹਾਈ** : ਫਸਲ ਪੱਕਣ ਸਮੇਂ ਹੇਠਲੇ ਪਾਸਿਉਂ ਸਿਰਾਂ ਦਾ ਰੰਗ ਬਦਲ ਕੇ ਪੀਲਾ-ਭੂਰਾ ਹੋ ਜਾਣਾ ਅਤੇ ਬਾਹਰਲੇ ਪਾਸੋਂ ਡਿਸਕ ਸੁੱਕਣ ਲੱਗਦੀ ਹੈ । ਇਸ ਸਮੇਂ ਬੀਜ ਪੂਰੀ ਤਰ੍ਹਾਂ ਪੱਕ ਕੇ ਕਾਲੇ ਰੰਗ ਦੇ ਹੋ ਜਾਂਦੇ ਹਨ । ਕਟਾਈ ਕਰਨ



ਉਪਰੰਤ ਗਹਾਈ ਤੋਂ ਪਹਿਲਾਂ ਸੂਰਜਮੁਖੀ ਦੇ ਸਿਰਾਂ ਨੂੰ ਚੰਗੀ ਤਰ੍ਹਾਂ ਸੁਖਾਉ ।

**ਬਿਮਾਰੀਆਂ** :

1. ਤਣੇ ਦਾ ਗਲਣਾ
2. ਜੜ੍ਹ ਦਾ ਗਲਣਾ
3. ਸਿਰ ਦਾ ਗਲਣਾ
4. ਚਿੱਟੀ ਉੱਲੀ ਦਾ ਰੋਗ ।

**ਕੀੜੇ-ਮਕੌੜੇ** :

1. ਤੰਬਾਕੂ (ਕਾਲੀ) ਸੁੰਡੀ ਅਤੇ, ਭੱਬੂ ਕੁੱਤਾ
2. ਸਿਰ ਦਾ ਗੜੂੰਆਂ ਜਾਂ ਅਮਰੀਕਣ ਸੁੰਡੀ

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਖੇਤਾਂ ਵਿਚ ਗੁੱਲੀ ਡੰਡਾ ਦੇ ਫੈਲਾਅ ਨੂੰ ਰੋਕਣ ਲਈ ਸਿਫਾਰਿਸ਼ ਕੀਤੇ ਨਦੀਨ ਨਾਸ਼ਕ ਸਿਫਾਰਿਸ਼ ਕੀਤੀ ਮਾਤਰਾ ਅਨੁਸਾਰ ਹੀ ਵਰਤੋ । ਪਿਛੇਤੀ ਬੀਜੀ ਕਣਕ ਵਿਚ ਬਿਜਾਈ ਤੋਂ 30-35 ਦਿਨਾਂ ਅੰਦਰ ਗੁੱਲੀ ਡੰਡੇ ਦੀ ਰੋਕਥਾਮ ਲਈ ਟੌਪਿਕ 160 ਗ੍ਰਾਮ ਜਾਂ ਐਕਸੀਅਲ 400 ਮਿ.ਲੀ. ਜਾਂ ਪਿਊਮਾ ਪਾਵਰ 400 ਮਿ.ਲੀ. ਜਾਂ 13 ਗ੍ਰਾਮ ਲੀਡਰ ਨੂੰ 150



ਲਿਟਰ ਪਾਣੀ ਵਰਤ ਕੇ ਪ੍ਰਤੀ ਏਕੜ ਵਿਚ ਸਪ੍ਰੇਅ ਕਰੋ । ਰੇਤਲੀਆਂ ਜ਼ਮੀਨਾਂ ਵਿਚ ਗੰਧਕ ਦੀ ਘਾਟ ਕਾਰਨ ਉੱਪਰਲੇ ਨਵੇਂ ਪੱਤੇ ਹਲਕੇ ਹਰੇ ਅਤੇ ਫਿਰ ਪੀਲੇ ਹੋ ਜਾਂਦੇ ਹਨ ਜਦ ਕਿ ਹੇਠਲੇ ਪੱਤੇ ਹਰੇ ਹੀ ਰਹਿੰਦੇ ਹਨ । ਜੇਕਰ ਇਹੋ ਜਿਹੀਆਂ ਨਿਸ਼ਾਨੀਆਂ ਦਿਖਾਈ ਦੇਣ ਤਾਂ ਇੱਕ ਕੁਇੰਟਲ ਜਿਪਸਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੱਟਾ ਮਾਰੋ ਅਤੇ ਹਲਕਾ ਪਾਣੀ ਦੇ ਦਿਓ । ਇਨ੍ਹਾਂ ਦਿਨਾਂ ਵਿਚ ਕਣਕ ਦੀ ਫਸਲ ਦਾ ਲਗਾਤਾਰ ਸਰਵੇਖਣ ਕਰੋ । ਜੇਕਰ ਪੀਲੀ ਕੁੰਗੀ ਦਾ ਹਮਲਾ ਨਜ਼ਰ ਆਵੇ ਤਾਂ ਫਸਲ ਤੇ 0.1% ਕਸਟੋਡੀਆ / ਕੈਵੀਅਟ / ਓਪੇਰਾ / ਟਿਲਟ / ਸਿਟਲਟ / ਬੰਪਰ / ਸ਼ਾਈਨ / ਮਾਰਕਜ਼ੋਲ ਜਾਂ 0.06% ਨਟੀਵੋ ਦਾ ਛਿੜਕਾਅ ਸਾਫ ਮੌਸਮ ਹੋਣ ਤੇ ਕਰੋ । ਤਣੇ ਦੀ ਗੁਲਾਬੀ ਸੁੰਡੀ ਦੀ ਰੋਕਥਾਮ ਲਈ 7 ਕਿਲੋ ਮੋਰਟਲ/ਰਿਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰੋਪਾਈਰੀਫਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾ ਛੱਟਾ ਦੇਵੋ ਜਾਂ 50 ਮਿਲੀਲਿਟਰ ਕੋਰਾਜਨ 18.5 ਐਸ. ਸੀ. (ਕਲੋਰ ਟਰੈਨੀਲੀਪਰੋਲ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਤੇਲ ਬੀਜ** : ਚੇਪੇ ਦੇ ਹਮਲੇ ਤੋਂ ਬਚਾਉਣ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੇਬਾਨ 20 ਤਾਕਤ ਨੂੰ 80-



125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਰੋਗਰ ਸੁਰੰਗੀ ਕੀੜੇ ਦੀ ਰੋਕਥਾਮ ਵੀ ਕਰੇਗੀ । ਚਿੱਟੀ ਕੁੰਗੀ ਦੇ ਹਮਲੇ ਤੋਂ ਬਚਾਅ ਲਈ 250 ਮਿ. ਲਿ. ਰਿਡੋਮਿਲ ਗੋਲਡ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਸਬਜ਼ੀਆਂ** : ਸਬਜ਼ੀਆਂ ਜਿਵੇਂ ਕਿ ਆਲੂ, ਗਾਜਰ, ਮੂਲੀ, ਸ਼ਲਗਮ, ਪਾਲਕ, ਧਨੀਆਂ, ਮੇਥੀ, ਲਸਣ ਅਤੇ ਮਟਰਾਂ, ਟਮਾਟਰ, ਬੈਂਗਣ, ਮਿਰਚ ਅਤੇ ਸ਼ਿਮਲਾ ਮਿਰਚ ਦੇ ਖੇਤਾਂ ਦੀ ਮਲਚਿੰਗ ਕੀਤੀ ਜਾ ਸਕਦੀ ਹੈ । ਮਲਚਿੰਗ ਦੀ ਵਰਤੋਂ ਨਾਲ ਜ਼ਮੀਨ ਦਾ ਤਾਪਮਾਨ ਕੁੱਝ ਹੱਦ ਤੱਕ ਬਰਕਰਾਰ ਰਹਿੰਦਾ ਹੈ । ਇਹ ਸਮਾਂ ਫੁੱਲ ਗੋਭੀ ਦੀਆਂ ਪਛੇਤੇ ਮੌਸਮ ਦੀ ਕਿਸਮਾਂ ਦੀ ਪਨੀਰੀ ਦੀ ਲਵਾਈ ਲਈ ਢੁੱਕਵਾਂ ਹੈ । ਇਹ ਸਮਾਂ ਟਮਾਟਰ, ਬੈਂਗਣ, ਮਿਰਚ ਅਤੇ ਸ਼ਿਮਲਾ ਮਿਰਚ ਦੀ ਪਨੀਰੀ ਦੀ ਬੀਜਾਈ ਲਈ ਸਮਾਂ ਢੁੱਕਵਾਂ ਹੈ । ਗਾਜਰ, ਮੂਲੀ, ਸ਼ਲਗਮ, ਪਾਲਕ, ਧਨੀਆਂ, ਮੇਥੀ,



ਲਸਣ ਅਤੇ ਮਟਰਾਂ ਦੀ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਕਿ ਪੰਜਾਬ-89 ਅਤੇ ਮੀਠੀ ਫਲੀ ਦੀ ਬਿਜਾਈ ਲਈ ਸਮਾਂ ਢੁੱਕਵਾਂ ਹੈ । ਪਿਆਜ਼ ਦੀ ਪਨੀਰੀ ਦੀ ਬਿਜਾਈ ਲਈ 4-5 ਕਿਲੋ ਬੀਜ ਪ੍ਰਤੀ ਏਕੜ ਬੀਜੋ । ਆਲੂਆਂ ਨੂੰ ਤੇਲੇ ਦੇ ਹਮਲੇ ਨੂੰ ਘਟਾਉਣ ਲਈ 300 ਮਿਲੀਲਿਟਰ ਮੈਟਾਸਿਸਟਾਕਸ 25 ਤਾਕਤ ਨੂੰ 100 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਆਲੂਆਂ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣ ਲਈ 500-700 ਗ੍ਰਾਮ ਇੰਡੋਫਿਲ ਐਮ-45/ਮਾਸ ਐਮ-45/ਮਾਰਕਜ਼ੈਬ /ਐਂਟਰਾਕੋਲ/ਕੱਵਚ ਜਾਂ 750-1000 ਗ੍ਰਾਮ ਕਾਪਰ ਔਕਸੀਕਲੋਰਾਈਡ/ਮਾਰਕ ਕਾਪਰ ਨੂੰ 250-350 ਲਿਟਰ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਸਾਫ ਮੌਸਮ ਹੋਣ ਤੇ ਹਫਤੇ-ਹਫਤੇ ਦੇ ਵਕਫੇ ਤੇ ਛਿੜਕਾਅ ਕਰੋ । ਬੀਜ ਵਾਲੇ ਆਲੂਆਂ ਨੂੰ ਝੁਲਸ ਰੋਗ ਅਤੇ ਵਿਸ਼ਾਣੂ ਰੋਗ ਦੀ ਲਾਗ ਤੋਂ ਬਚਾਉਣ ਲਈ ਪਤਰਾਲ ਕੱਟ ਦਿਓ । ਜਿਹੜੇ ਖੇਤਾਂ ਵਿਚ ਪਿਛੇਤੇ ਝੁਲਸ ਰੋਗ ਦਾ ਹਮਲਾ ਹੋਇਆ ਹੋਵੇ ਉਸ ਦਾ ਪਤਰਾਲ ਖੇਤ ਵਿਚੋਂ ਬਾਹਰ ਕੱਢ ਦਿਓ ।

**ਬਾਗਬਾਨੀ** : ਸਦਾਬਹਾਰ ਫਲਦਾਰ ਬੂਟਿਆਂ ਖਾਸ ਕਰਕੇ ਛੋਟੇ ਬੂਟਿਆਂ ਨੂੰ ਠੰਡ ਤੋਂ ਬਚਾਉਣ ਲਈ ਸ਼ੌਰੇ ਬਣਾਈ ਰੱਖੋ । ਇਸ ਕੰਮ ਲਈ ਸਰਕੰਡਾ, ਦੱਬ ਜਾਂ ਖਜੂਰ ਦੇ ਪੱਤਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ । ਬੂਟਿਆਂ ਨੂੰ ਹਲਕੀਆਂ ਸਿੰਚਾਈਆਂ ਵੀ ਕੀਤੀਆਂ ਜਾ ਸਕਦੀਆਂ ਹਨ । ਪੱਤਝੜੀ ਕਿਸਮਾਂ ਦੇ ਫਲਦਾਰ ਬੂਟੇ ਜਿਵੇਂ ਕਿ ਨਾਸ਼ਪਾਤੀ, ਅੰਜੀਰ, ਅੰਗੂਰ ਆਦਿ ਲਗਾਉਣ ਦਾ ਕੰਮ ਛੇਤੀ ਤੋਂ ਛੇਤੀ ਨਿਪਟਾਅ ਲਵੋ ਅਤੇ ਸਦਾਬਹਾਰ ਕਿਸਮਾਂ ਦੇ ਬੂਟਿਆਂ ਦੀ ਕਾਂਟ-ਛਾਂਟ ਦਾ ਕੰਮ ਨਿਬੇੜ ਕੇ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ । ਬੇਰਾਂ ਦੇ ਬੂਟਿਆਂ ਨੂੰ ਚਿੱਟੋਂ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/ 100 ਲਿਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ



ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ । ਬੇਰਾਂ ਉਪਰ ਇਸ ਸਮੇਂ ਭਰਵਾਂ ਫਲ ਲੱਗਿਆ ਹੋਇਆ ਹੈ ਇਸ ਲਈ ਇਸ ਮਹੀਨੇ ਇਕ ਸਿੰਚਾਈ ਜ਼ਰੂਰ ਕਰੋ ।

**ਪਸ਼ੂ ਪਾਲਣ** : ਪਸ਼ੂਆਂ ਦਾ ਠੀਕ ਸਮੇਂ ਤੇ ਟੀਕਾਕਰਣ ਕਰਵਾਓ ਤਾਂ ਜੋ ਉਨ੍ਹਾਂ ਨੂੰ ਬੀਮਾਰੀਆਂ ਜਿਵੇਂ ਮੂੰਹ ਖੁਰ, ਗਲ ਘੋਟੂ, ਪੱਟ ਸੋਜਾ, ਐਨਟੈਰੋਟੋਕਸੀਮਿਆ ਆਦਿ ਤੋਂ ਬਚਾਇਆ ਜਾ ਸਕੇ । ਸਮੇਂ ਸਮੇਂ ਤੇ ਪਸ਼ੂਆਂ ਨੂੰ ਮਲੱਪਾਂ ਵਿਰੁੱਧ ਦਵਾਈ ਵੀ ਦੇਣੀ ਲਾਜ਼ਮੀ ਹੈ ਕਿਉਂਕਿ ਉਹ ਪਸ਼ੂ ਨੂੰ ਦਿੱਤੀ ਖੁਰਾਕ ਦੀ ਵਰਤੋਂ ਆਪਣੇ ਵਾਧੇ ਲਈ ਕਰਦੇ ਹਨ ਅਤੇ ਪਸ਼ੂ ਕਮਜ਼ੋਰ ਹੁੰਦਾ ਜਾਂਦਾ ਹੈ । ਮਲੱਪਾਂ ਅਤੇ ਹੋਰ ਕੀੜੇਮਾਰ ਦਵਾਈਆਂ ਨੂੰ ਬਦਲ ਵੀ ਲੈਣਾ ਚਾਹੀਦਾ ਹੈ ਤਾਂ ਕਿ ਪਸ਼ੂ ਵਿਚ ਇਨ੍ਹਾਂ ਵਿਰੁੱਧ ਪ੍ਰਤੀਰੋਧ ਪੈਦਾ ਨਾ ਹੋ ਜਾਵੇ । ਮੂੰਹ ਖੁਰ ਦੀ ਬੀਮਾਰੀ ਵਾਸਤੇ ਟੀਕਾਕਰਨ ਸਾਲ ਵਿਚ ਦੋ ਵਾਰ ਕੀਤਾ ਜਾਂਦਾ ਹੈ, ਇਹ ਟੀਕੇ ਪਸ਼ੂ ਹਸਪਤਾਲਾਂ ਵਿਚ ਸਹਿਜਤਾ ਨਾਲ ਉਪਲੱਬਧ ਹੁੰਦੇ ਹਨ । ਕਈ ਪਸ਼ੂ ਪਾਲਕ ਸੋਚਦੇ ਹਨ ਕਿ ਟੀਕਾਕਰਨ ਨਾਲ ਦੁੱਧ ਘੱਟ ਜਾਂਦਾ ਹੈ ਪਰ ਉਨ੍ਹਾਂ ਨੂੰ ਇਸ ਗੱਲ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਜੇ ਬੀਮਾਰੀ ਇਕ ਵਾਰ ਉਨ੍ਹਾਂ ਦੇ ਸ਼ੈੱਡ ਅੰਦਰ ਆ ਗਈ ਤਾਂ ਇਹ ਕਿੰਨਾ ਜ਼ਿਆਦਾ ਨੁਕਸਾਨ ਕਰ ਸਕਦੀ ਹੈ ।





# ਗਰਮੀਆਂ ਦੀਆਂ ਸਬਜ਼ੀਆਂ ਦੀ ਲੁਆਈ ਦਾ ਵੇਲਾ



ਡਾ. ਰਣਜੀਤ ਸਿੰਘ

ਅਸੀਂ ਹਰੇਕ ਵਾਰ ਸਬਜ਼ੀਆਂ ਦੀ ਕਾਸ਼ਤ ਦੀ ਸਿਫਾਰਸ਼ ਕਰਦੇ ਹਾਂ। ਗਰਮੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਦਾ ਹੁਣ ਢੁੱਕਵਾਂ ਸਮਾਂ ਹੈ। ਬੈਂਗਣ, ਟਮਾਟਰ ਅਤੇ ਮਿਰਚਾਂ ਦੀ ਪਨੀਰੀ ਪੁੱਟ ਕੇ ਖੇਤ ਵਿਚ ਲਗਾਉਣ ਦਾ ਹੁਣ ਸਮਾਂ ਹੈ। ਪੰਜਾਬ ਦਾ ਕੋਈ ਵੀ ਘਰ ਅਜਿਹਾ ਨਹੀਂ ਹੈ ਜਿੱਥੇ ਟਮਾਟਰ, ਬੈਂਗਣ ਅਤੇ ਮਿਰਚਾਂ ਦੀ ਵਰਤੋਂ ਨਾ ਕੀਤੀ ਜਾਂਦੀ ਹੋਵੇ। ਟਮਾਟਰਾਂ ਨੂੰ ਸਲਾਦ ਦੇ ਰੂਪ ਵਿਚ ਵੀ ਵਰਤਿਆ ਜਾਂਦਾ ਹੈ ਤੇ ਇਨ੍ਹਾਂ ਦੇ ਕਈ ਪਦਾਰਥ ਵੀ ਬਣਦੇ ਹਨ ਪਰ ਕੋਈ ਵੀ ਅਜਿਹੀ ਸਬਜ਼ੀ ਨਹੀਂ ਹੈ ਜਿਸ ਵਿਚ ਇਨ੍ਹਾਂ ਦੀ ਵਰਤੋਂ ਨਾ ਕੀਤੀ ਜਾਂਦੀ ਹੋਵੇ। ਬੈਂਗਣ ਦੀ ਸਬਜ਼ੀ ਤਾਂ ਸਾਰਾ ਸਾਲ ਹੀ ਬਣਾਈ ਜਾਂਦੀ ਹੈ ਕਿਉਂਕਿ ਇਸ ਦੀਆਂ ਸਾਲ ਵਿਚ ਚਾਰ ਫਸਲਾਂ ਲਈਆਂ ਜਾ ਸਕਦੀਆਂ ਹਨ। ਮਿਰਚਾਂ ਵੀ ਪੰਜਾਬੀਆਂ ਦੀ ਖੁਰਾਕ ਦਾ ਅਨਿੱਖੜਵਾਂ ਅੰਗ ਹਨ। ਕੋਈ ਵੀ ਦਾਲ ਸਬਜ਼ੀ ਮਿਰਚਾਂ ਬਗੈਰ ਸੁਆਦੀ ਨਹੀਂ ਬਣਦੀ। ਸ਼ਿਮਲਾ ਮਿਰਚ ਦੀ ਪਨੀਰੀ ਪੁੱਟ ਕੇ ਲਗਾਉਣ ਦਾ ਵੀ ਇਹ ਢੁੱਕਵਾਂ ਸਮਾਂ ਹੈ। ਟਮਾਟਰ, ਬੈਂਗਣ ਅਤੇ ਮਿਰਚਾਂ ਦੀਆਂ ਦੋਗਲੀਆਂ ਕਿਸਮਾਂ ਵੀ ਵਿਕਸਤ ਹੋ ਗਈਆਂ ਹਨ ਜਿਨ੍ਹਾਂ ਦਾ ਝਾੜ ਵੱਧ ਹੈ।

ਪੰਜਾਬ ਵਿਚ ਕਾਸ਼ਤ ਲਈ ਟਮਾਟਰਾਂ ਦੀਆਂ ਪੰਜਾਬ ਰੱਤਾ, ਪੰਜਾਬ ਉਪਮਾ, ਪੰਜਾਬ ਐਨ ਆਰ-1, ਪੰਜਾਬ ਛੁਆਰਾ, ਪੀ. ਟੀ. ਐਚ-2 ਅਤੇ ਟੀ. ਐਚ-1 ਦੋਗਲੀਆਂ ਕਿਸਮਾਂ ਹਨ। ਇਨ੍ਹਾਂ ਦਾ ਝਾੜ ਸਭ ਤੋਂ ਵੱਧ ਕੋਈ 250 ਕੁਇੰਟਲ ਪ੍ਰਤੀ ਏਕੜ ਹੈ। ਬੂਟੇ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 75 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ।



ਬੈਂਗਣ ਤਿੰਨ ਸ਼ਕਲਾਂ ਦੇ ਹੁੰਦੇ ਹਨ ਲੰਬੇ, ਗੋਲ ਤੇ ਬੈਂਗਣੀ। ਪੰਜਾਬ ਨੀਲਮ, ਬੀ ਐਚ-2, ਪੀ ਬੀ ਐਚ ਆਰ-41 ਤੇ ਪੀ ਬੀ ਐਚ ਆਰ-42 ਗੋਲ ਬੈਂਗਣਾਂ ਦੀਆਂ ਕਿਸਮਾਂ ਹਨ। ਪੀ ਬੀ ਐਚ-5, ਪੰਜਾਬ ਰੌਣਕ, ਪੀ ਬੀ ਐਚ -4 ਅਤੇ ਪੰਜਾਬ ਸਦਾ ਬਹਾਰ ਲੰਬੇ ਬੈਂਗਣਾਂ ਦੀਆਂ ਤੇ ਪੰਜਾਬ ਨਗੀਨਾ, ਪੰਜਾਬ ਭਰਪੂਰ ਤੇ ਪੀ ਬੀ ਐਚ-3 ਬੈਂਗਣੀ ਦੀਆਂ ਕਿਸਮਾਂ ਹਨ। ਬੂਟੇ ਲਗਾਉਣ ਸਮੇਂ ਲਾਈਨਾਂ ਵਿਚਕਾਰ 60 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ 40 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ।

ਸੀ ਐਚ-52, ਸੀ ਐਚ-27, ਸੀ ਐਚ-3 ਤੇ ਸੀ ਐਚ-1 ਮਿਰਚਾਂ ਦੀਆਂ ਦੋਗਲੀਆਂ ਕਿਸਮਾਂ ਹਨ। ਪੰਜਾਬ ਸੰਧੂਰੀ, ਪੰਜਾਬ ਤੇਜ਼, ਪੰਜਾਬ ਗੁੱਛੇਦਾਰ ਤੇ ਪੰਜਾਬ ਸੁਰਖ ਮਿਰਚਾਂ ਦੀਆਂ ਦੂਜੀਆਂ ਉੱਨਤ ਕਿਸਮਾਂ ਹਨ। ਇਨ੍ਹਾਂ ਦੇ ਬੂਟੇ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 75 ਅਤੇ ਬੂਟਿਆਂ ਵਿਚਕਾਰ 45 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਸ਼ਿਮਲਾ ਮਿਰਚ ਦੀ ਪਨੀਰੀ ਲਗਾਉਂਦੇ ਸਮੇਂ ਬੂਟਿਆਂ ਵਿਚਕਾਰ 30 ਅਤੇ ਕਤਾਰਾਂ ਵਿਚਕਾਰ 60 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ।

ਸਾਰੀਆਂ ਸਬਜ਼ੀਆਂ ਦੀ ਪਨੀਰੀ ਲਗਾਉਣ ਪਿੱਛੋਂ ਤੁਰੰਤ ਪਾਣੀ ਦੇਣਾ ਜ਼ਰੂਰੀ ਹੈ। ਖੇਤ ਤਿਆਰ ਕਰਦੇ ਸਮੇਂ 10-15 ਟਨ ਰੂੜੀ ਵੀ ਜ਼ਰੂਰ ਪਾਈ ਜਾਵੇ। ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ ਉੱਤੇ ਕੀਤੀ ਜਾ ਸਕਦੀ ਹੈ।

ਗਰਮੀਆਂ ਦੀਆਂ ਦੂਜੀਆਂ ਸਬਜ਼ੀਆਂ ਦੀ ਬਿਜਾਈ ਦਾ ਵੀ ਹੁਣ ਢੁੱਕਵਾਂ ਸਮਾਂ ਹੈ। ਪੰਜਾਬ ਵਿਚ ਸਬਜ਼ੀਆਂ ਹੇਠ ਬਹੁਤ ਘੱਟ ਰਕਬਾ ਹੈ। ਇਹ ਮਸਾਂ 320 ਹਜ਼ਾਰ ਹੈਕਟਰ ਹੈ ਜਿਸ ਵਿੱਚੋਂ ਅੱਧਾ ਰਕਬਾ ਕੇਵਲ ਆਲੂਆਂ ਅਤੇ ਮਟਰਾਂ ਹੇਠ ਹੀ ਹੈ। ਇਹ ਵੇਖਣ ਵਿਚ ਆਇਆ ਹੈ ਕਿ ਸਾਡੇ ਕਿਸਾਨ ਵੀਰ ਬਹੁਤ ਘੱਟ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ। ਜੇਕਰ ਮੰਡੀ ਲਈ ਨਹੀਂ ਤਾਂ ਘੱਟੋ-ਘੱਟ ਘਰ ਦੀ ਲੋੜ ਪੂਰੀ ਕਰਨ ਲਈ ਸਬਜ਼ੀਆਂ ਦੀ ਕਾਸ਼ਤ ਜ਼ਰੂਰ ਕੀਤੀ ਜਾਵੇ। ਸਬਜ਼ੀਆਂ ਵਿਚ ਬਹੁਤ ਸਾਰੇ ਖੁਰਾਕੀ ਤੱਤ ਹੁੰਦੇ ਹਨ ਜਿਹੜੇ ਸਰੀਰ ਦੀ ਤੰਦਰੁਸਤੀ ਲਈ ਬਹੁਤ ਜ਼ਰੂਰੀ ਹਨ। ਪਰ ਇਹ ਖੁਰਾਕੀ ਤੱਤ ਜ਼ਹਿਰਾਂ ਰਹਿਤ ਤੇ ਤਾਜ਼ੀਆਂ ਸਬਜ਼ੀਆਂ ਤੋਂ ਹੀ ਪ੍ਰਾਪਤ ਹੋ ਸਕਦੇ ਹਨ। ਇਸ ਵਾਰ ਵੇਲਾਂ ਵਾਲੀਆਂ ਸਬਜ਼ੀਆਂ ਬਾਰੇ ਜਾਣਕਾਰੀ ਦੇਣ ਦਾ ਯਤਨ ਕਰਾਂਗੇ। ਇਨ੍ਹਾਂ ਸਬਜ਼ੀਆਂ ਦਾ ਇਹ ਫਾਇਦਾ ਹੈ ਕਿ ਇਕ ਵਾਰ ਲਗਾਈਆਂ ਵੇਲਾਂ ਕਈ ਮਹੀਨੇ ਸਬਜ਼ੀ ਦਿੰਦੀਆਂ ਰਹਿੰਦੀਆਂ ਹਨ।

ਕੱਦੂ ਜਾਤੀ ਦੀਆਂ ਸਬਜ਼ੀਆਂ ਵਿਚ ਘੀਆ ਕੱਦੂ, ਚੱਪਣ ਕੱਦੂ, ਹਲਵਾ ਕੱਦੂ, ਕਰੇਲਾ ਅਤੇ ਘੀਆ ਤੋਰੀ ਪ੍ਰਮੁੱਖ ਹਨ। ਪੰਜਾਬ ਚੱਪਣ ਕੱਦੂ-1, ਚੱਪਣ ਕੱਦੂ ਦੀ, ਪੀ ਬੀ ਐਚ, ਪੀ ਏ ਯੂ ਮਗਜ਼ ਕੱਦੂ-1 ਪੀ ਪੀ ਐਚ-1 ਅਤੇ ਪੰਜਾਬ ਸਮਰਾਟ ਹਲਵਾ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਬਹਾਰ, ਪੰਜਾਬ ਲੌਂਗ ਤੇ ਪੰਜਾਬ ਕੋਮਲ ਘੀਆ ਕੱਦੂ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਪੰਜਾਬ ਕਰੇਲੀ-1, ਪੰਜਾਬ-14, ਕਰੇਲੇ ਦੀਆਂ, ਪੰਜਾਬ ਝਾੜ ਕਰੇਲਾ-1, ਝਾੜ ਕਰੇਲੇ ਦੀ, ਪੰਜਾਬ ਨਿਖਾਰ, ਪੰਜਾਬ ਕਾਲੀ ਤੋਰੀ-9 ਤੇ ਪੂਸਾ ਚਿਕਨੀ ਘੀਆ ਤੋਰੀ ਦੀਆਂ ਕਿਸਮਾਂ ਹਨ। ਸਾਰੀਆਂ ਸਬਜ਼ੀਆਂ ਲਈ ਦੋ ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ ਪਰ ਹਲਵਾ ਕੱਦੂ ਲਈ ਇੱਕ ਕਿਲੋ ਬੀਜ ਹੀ ਕਾਫੀ ਹੈ। ਕਰੇਲਾ ਅਤੇ ਚੱਪਣ ਕੱਦੂ ਲਈ ਡੇਢ ਮੀਟਰ ਚੌੜੀਆਂ, ਘੀਆ ਕੱਦੂ ਲਈ ਦੋ ਮੀਟਰ, ਹਲਵਾ ਕੱਦੂ ਅਤੇ ਘੀਆ ਤੋਰੀ ਲਈ ਤਿੰਨ ਮੀਟਰ ਚੌੜੀਆਂ ਕਿਆਰੀਆਂ ਬਣਾਵੋ। ਕਿਆਰੀਆਂ ਦੇ ਦੋਵੇਂ ਪਾਸੇ ਬੀਜੇ ਜਾਣ ਤੇ ਇੱਕ ਥਾਂ ਦੋ ਬੀਜ ਬੀਜੋ। ਖੇਤ ਵਿੱਚ ਰੂੜੀ ਪਾਉਣੀ ਜ਼ਰੂਰੀ ਹੈ। ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀਆਂ ਸਿਫਾਰਸ਼ਾਂ ਅਨੁਸਾਰ ਹੀ ਕਰਨੀ ਚਾਹੀਦੀ ਹੈ।

ਤਰ ਅਤੇ ਖੀਰਾ ਦੋ ਹੋਰ ਵੇਲਾਂ ਵਾਲੀਆਂ ਸਬਜ਼ੀਆਂ ਹਨ ਪਰ ਇਨ੍ਹਾਂ ਦੀ ਵਰਤੋਂ ਸਲਾਦ ਦੇ ਰੂਪ ਵਿਚ ਕੀਤੀ ਜਾਂਦੀ ਹੈ। ਪੰਜਾਬ ਲੌਂਗ ਮੇਲਨ-1 ਤਰ ਦੀ ਅਤੇ ਪੰਜਾਬ ਨਵੀਨ, ਪੰਜਾਬ ਖੀਰਾ-1 ਅਤੇ ਪੀ ਕੇ ਐਚ-11 ਖੀਰੇ ਦੀਆਂ ਉੱਨਤ ਕਿਸਮਾਂ ਹਨ। ਇੱਕ ਕਿਲੋ ਬੀਜ ਇਕ ਏਕੜ ਦੀ ਬਿਜਾਈ ਲਈ ਕਾਫੀ ਹੈ। ਇਨ੍ਹਾਂ ਦੀ ਬਿਜਾਈ ਲਈ ਢਾਈ ਮੀਟਰ ਚੌੜੀਆਂ ਕਿਆਰੀਆਂ ਬਣਾਵੋ। ਬਿਜਾਈ ਅਤੇ ਖਾਦਾਂ ਦੀ ਵਰਤੋਂ ਦੂਜੀਆਂ ਸਬਜ਼ੀਆਂ ਵਾਂਗ ਹੀ ਕੀਤੀ ਜਾਵੇ। ਟੀਂਡਾ ਇੱਕ ਹੋਰ ਵੇਲਾਂ ਵਾਲੀ ਗਰਮੀਆਂ ਦੀ ਮੁੱਖ ਸਬਜ਼ੀ



ਹੈ। ਟੀਂਡਾ 48 ਅਤੇ ਪੰਜਾਬ ਟੀਂਡਾ-1 ਇਸ ਦੀਆਂ ਉੱਨਤ ਕਿਸਮਾਂ ਹਨ। ਇਕ ਏਕੜ ਲਈ ਡੇਢ ਕਿਲੋ ਬੀਜ ਚਾਹੀਦਾ ਹੈ। ਟੀਂਡੇ ਲਈ ਖੇਲਾਂ ਵਿਚਕਾਰ ਡੇਢ ਮੀਟਰ ਫਾਸਲਾ ਰੱਖਿਆ ਜਾਵੇ। ਇਸੇ ਲੜੀ ਵਿਚ ਪੇਠਾ ਇੱਕ ਹੋਰ ਸਬਜ਼ੀ ਹੈ। ਇਸ ਦੀ ਵਰਤੋਂ ਮਠਿਆਈ ਅਤੇ ਵੜੀਆਂ ਬਣਾਉਣ ਲਈ ਕੀਤੀ ਜਾਂਦੀ ਹੈ। ਪੀ. ਏ. ਜੀ.-3 ਉੱਨਤ ਕਿਸਮ ਹੈ। ਇਸ ਤੋਂ ਕੋਈ 120 ਕੁਇੰਟਲ ਪੇਠੇ ਪ੍ਰਤੀ ਏਕੜ ਪ੍ਰਾਪਤ ਹੋ ਜਾਂਦੇ ਹਨ। ਇੱਕ ਏਕੜ ਲਈ ਦੋ ਕਿਲੋ ਬੀਜ ਜਿਸ ਦੀ ਬਿਜਾਈ ਤਿੰਨ ਮੀਟਰ ਫਾਸਲੇ ਤੇ ਬਣਾਈਆਂ ਖੇਲਾਂ ਦੇ ਦੋਵੇਂ ਪਾਸੇ ਕਰੋ। ਇਕ ਥਾਂ ਦੋ ਬੀਜ ਬੀਜੋ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰਨੀ ਜ਼ਰੂਰੀ ਹੈ।

# ਵਧੇਰੇ ਮੁਨਾਫੇ ਲਈ ਪਾਪਲਰ ਦੀ ਕਾਸ਼ਤ

**ਕਿਸਮਾਂ :**

**ਕੇਂਦਰੀ ਮੈਦਾਨੀ ਹਿੱਸੇ** : ਪੀ. ਐਲ.-1, ਪੀ. ਐਲ.-2, ਪੀ. ਐਲ.-3, ਪੀ. ਐਲ.4, ਪੀ. ਐਲ.5, ਐਲ 48/89 ਅਤੇ ਐਲ 47/88

**ਦੱਖਣੀ ਪੱਛਮੀ ਖੁਸ਼ਕ ਹਿੱਸੇ** : ਪੀ.-ਐਲ.-3, ਪੀ. ਐਲ.-6, ਪੀ. ਐਲ.-7, ਐਲ 48/89

**ਖੇਤਾਂ ਵਿਚ ਬੂਟੇ ਲਾਉਣਾ** : ਅੱਧ ਜਨਵਰੀ ਤੋਂ ਫਰਵਰੀ ਤੱਕ ਨਰਸਰੀ ਵਿਚ ਤਿਆਰ ਬੂਟੇ ਖੇਤਾਂ ਵਿਚ ਲਗਾਏ ਜਾਂਦੇ ਹਨ। ਕਤਾਰਾਂ ਵਿਚਲਾ ਫਾਸਲਾ 5 ਮੀ. ਅਤੇ ਬੂਟਿਆਂ ਵਿਚਲਾ 4 ਮੀ. ਰੱਖੋ ਅਤੇ ਕਤਾਰਾਂ ਦੀ ਦਿਸ਼ਾ ਉੱਤਰ ਦੱਖਣ ਰੱਖੋ। ਫਸਲਾਂ ਦਾ ਜ਼ਿਆਦਾ ਝਾੜ ਲੈਣ ਲਈ ਕਤਾਰਾਂ ਵਿਚਲਾ ਫਾਸਲਾ 8 ਮੀ. ਅਤੇ ਬੂਟਿਆਂ ਵਿਚਲਾ ਫਾਸਲਾ 2.5 ਮੀ. ਰੱਖੋ। ਬੰਨਿਆਂ ਤੇ ਬੂਟੇ ਲਗਾਉਣ ਲਈ ਫਾਸਲਾ 3 ਮੀਟਰ ਹੋਣਾ ਚਾਹੀਦਾ ਹੈ।

**ਟੋਏ ਪੁੱਟਣਾ** : ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਫਾਸਲੇ ਮੁਤਾਬਕ ਨਿਸ਼ਾਨ ਲਗਾ ਦਿਓ। ਬੋਕੀ ਜਾਂ ਔਗਰ ਦੀ ਮਦਦ ਨਾਲ 15 ਸੈਂਟੀਮੀਟਰ ਵਿਆਸ ਵਾਲੇ ਇਕ ਮੀਟਰ ਡੂੰਘੇ ਟੋਏ ਪੁੱਟੋ।

**ਬੂਟੇ ਲਗਾਉਣਾ** : ਬੂਟਿਆਂ ਨੂੰ ਲਗਾਉਣ ਤੋਂ ਪਹਿਲਾਂ ਇਨ੍ਹਾਂ ਦੀ ਮੋਟੀ ਜੜ੍ਹ 40-50 ਸੈਂਟੀਮੀਟਰ ਅਤੇ ਆਲੇ ਦੁਆਲੇ ਦੀਆਂ ਜੜ੍ਹਾਂ 15 ਸੈਂਟੀਮੀਟਰ ਰੱਖ ਕੇ ਕੱਟ ਦਿਓ। ਹਰ ਟੋਏ ਲਈ 2 ਕਿਲੋ ਗਲੀ ਸੜੀ ਰੂੜੀ, ਅਤੇ ਲੋੜ ਅਨੁਸਾਰ ਰਸਾਇਣਕ ਖਾਦ ਪਾ ਕੇ ਮਿੱਟੀ ਵਿਚ ਰਲਾ ਲਉ।

**ਕਾਂਟ ਛਾਂਟ** : ਚੰਗੇ ਅਤੇ ਸਿੱਧੇ ਬੂਟੇ ਪੈਦਾ ਕਰਨ ਲਈ ਟਾਹਣੀਆਂ ਦੀ ਕਟਾਈ ਸਰਦੀਆਂ ਵਿਚ



ਪੱਤੇ ਝਾੜਨ ਤੋਂ ਬਾਅਦ ਕਰੋ ਅਤੇ ਕੱਟੇ ਹਿੱਸਿਆਂ ਉੱਤੇ ਬੋਰਡੋ ਮਿਸ਼ਰਨ (2 ਕਿਲੋ ਨੀਲਾ ਥੋਥਾ+2 ਕਿਲੋ ਚੂਨਾ+ 30 ਲੀਟਰ ਪਾਣੀ) ਲਗਾ ਦੇਵੋ। ਲੋੜ ਤੋਂ ਵੱਧ ਕਾਂਟ ਛਾਂਟ ਕਰਨ ਨਾਲ ਬੂਟਿਆਂ ਦਾ ਵਾਧਾ ਰੁਕਦਾ ਹੈ ਅਤੇ ਜਿਹੜਾ ਟਾਹਣੀਆਂ ਨਿਕਲਦੀਆਂ ਹਨ।

**ਸਿੰਚਾਈ** : ਪੌਦੇ ਲਾਉਣ ਤੋਂ ਬਾਅਦ ਛੇਤੀ ਹੀ ਪਾਣੀ ਲਾ ਦਿਓ ਅਤੇ ਪਾਪਲਰ ਦੀਆਂ ਖਾਲੀਆਂ ਨੂੰ ਮਾਰਚ ਤੋਂ ਜੂਨ ਤੱਕ ਹਫਤੇ ਦੇ ਵਕਫੇ ਬਾਅਦ ਅਤੇ ਅਕਤੂਬਰ ਤੋਂ ਫਰਵਰੀ ਤੱਕ ਪੰਦਰਾਂ ਦਿਨਾਂ ਵਿਚ ਇਕ ਵਾਰ ਸਿੰਚਾਈ ਅਤੇ ਮਾਰਚ ਤੋਂ ਜੂਨ ਦੇ ਮਹੀਨਿਆਂ ਵਿਚ 7-10 ਦਿਨਾਂ ਦੇ ਵਕਫੇ ਨਾਲ ਸਿੰਚਾਈ ਕਰੋ।

**ਕੀੜੇ ਮਕੌੜੇ**

1. ਪੱਤੇ ਝਾੜਨ ਵਾਲੀ ਸੁੰਡੀ
2. ਪੱਤਾ ਲਪੇਟ ਸੁੰਡੀ
3. ਸੱਕ ਖਾਣ ਵਾਲੀ ਸੁੰਡੀ

**ਬਿਮਾਰੀਆਂ**

1. ਪਾਪਲਰ ਦੇ ਧੱਬੇ
2. ਕਲਮਾਂ ਦਾ ਗਾਲ੍ਹਾ

**ਕਟਾਈ ਅਤੇ ਮੰਡੀਕਰਨ** : ਜਦੋਂ ਬੂਟਿਆਂ ਦੀ ਲਪੇਟ 80-90 ਸੈਮੀ. ਹੋ ਜਾਵੇ ਤਾਂ ਇਹ ਕੱਟਣ ਯੋਗ ਹੋ ਜਾਂਦੇ ਹਨ। ਆਮ ਤੌਰ ਕੇ ਇਹ ਮੋਟਾਈ 7 ਸਾਲਾਂ ਵਿਚ ਹੋ ਜਾਂਦੀ ਹੈ। ਪਾਣੀ ਦੇ ਨਿਕਾਸ ਵਾਲੀਆਂ ਉਪਜਾਊ ਜ਼ਮੀਨਾਂ ਅਤੇ ਵਧੀਆ ਖੇਤੀ ਪ੍ਰਬੰਧ ਨਾਲ ਪਾਪਲਰ 6 ਸਾਲਾਂ ਵਿਚ ਕੱਟਿਆ ਜਾ ਸਕਦਾ ਹੈ।

*ਗੁਰਵਿੰਦਰ ਪਾਲ ਸਿੰਘ ਢਿਲੋਂ, ਅਰਸ਼ਦੀਪ ਕੌਰ ਗਿੱਲ ਅਤੇ ਪਰਮਿੰਦਰ ਸਿੰਘ ਟਾਕ, ਵਣ ਅਤੇ ਕੁਦਰਤੀ ਸੋਮੇ ਵਿਭਾਗ (ਮੋ. 98768-11334)*

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 05**
**ਮਿਤੀ 03-02-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਹੜ੍ਹਾਂ ਦੇ ਬਾਵਜੂਦ ਪੰਜਾਬ 'ਚ ਝੋਨੇ ਦੀ ਭਰਪੂਰ ਪੈਦਾਵਾਰ, ਪੰਜਾਬ ਮੰਡੀ ਬੋਰਡ ਦੇ ਅੰਕੜਿਆਂ 'ਚ ਪ੍ਰਗਟਾਵਾ

## ਥੋੜ੍ਹੀ ਮਿਆਦ ਦੀਆਂ ਕਿਸਮਾਂ ਨੇ ਕਿਸਾਨਾਂ ਨੂੰ ਆਰਥਿਕ ਤਬਾਹੀ ਤੋਂ ਬਚਾਇਆ - ਖੇਤੀਬਾੜੀ ਮਾਹਰ

ਸਾਉਣੀ ਸੀਜ਼ਨ 2023-24 ਦੌਰਾਨ ਜੁਲਾਈ ਅਤੇ ਅਗਸਤ 'ਚ ਹੜ੍ਹਾਂ ਦੀ ਮਾਰ ਦੇ ਬਾਵਜੂਦ, ਪੰਜਾਬ ਵਿਚ ਝੋਨੇ ਅਤੇ ਬਾਸਮਤੀ ਦੀ ਭਰਪੂਰ ਪੈਦਾਵਾਰ ਦਰਜ ਕੀਤੀ ਗਈ ਹੈ।

ਪੰਜਾਬ ਮੰਡੀ ਬੋਰਡ ਦੇ ਅੰਕੜਿਆਂ ਅਨੁਸਾਰ ਹੁਣ ਤਕ ਦੋਹਾਂ ਕਿਸਮਾਂ ਦੇ ਚੌਲਾਂ ਦਾ ਉਤਪਾਦਨ 212.31 ਲੱਖ ਟਨ ਰਿਹਾ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 3 ਫੀਸਦੀ ਵੱਧ ਹੈ। 2022-23 ਵਿਚ ਬਾਸਮਤੀ ਅਤੇ ਗੈਰ-ਬਾਸਮਤੀ ਦਾ ਕੁੱਲ ਉਤਪਾਦਨ 206.28 ਲੱਖ ਟਨ ਦਰਜ ਕੀਤਾ ਗਿਆ ਸੀ।

ਸਰਕਾਰੀ ਏਜੰਸੀਆਂ ਵਲੋਂ ਵਾਂਝੇ ਵਰਗਾਂ ਨੂੰ ਮੁਫਤ ਵੰਡਣ ਲਈ ਗੈਰ-ਬਾਸਮਤੀ ਦੀ ਖਰੀਦ ਨਵੰਬਰ ਵਿਚ ਖਤਮ ਹੋ ਗਈ। ਬਾਸਮਤੀ ਦੀਆਂ ਖੁਸ਼ਬੂਦਾਰ ਕਿਸਮਾਂ ਪ੍ਰਾਈਵੇਟ ਕੰਪਨੀਆਂ ਵਲੋਂ ਖਰੀਦੀਆਂ ਜਾਂਦੀਆਂ ਹਨ। ਮੀਡੀਆ ਰਿਪੋਰਟ ਮੁਤਾਬਕ ਸੂਬੇ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਤੇ ਖੇਤੀ ਮਾਹਰ ਘੱਟ ਮਿਆਦ ਵਾਲੀਆਂ ਕਿਸਮਾਂ ਦੀ ਵਰਤੋਂ ਅਤੇ ਬਾਸਮਤੀ ਹੇਠ ਵਧੇ ਹੋਏ ਰਕਬੇ ਨੂੰ ਹੜ੍ਹਾਂ ਦੇ ਬਾਵਜੂਦ ਵੱਧ ਉਤਪਾਦਨ ਦਾ ਕਾਰਨ ਦਸਦੇ ਹਨ।

ਸਰਕਾਰੀ ਅੰਕੜਿਆਂ ਮੁਤਾਬਕ 19 ਜਨਵਰੀ ਤਕ ਸੂਬੇ ਭਰ ਦੀਆਂ ਵੱਖ-ਵੱਖ ਮੰਡੀਆਂ 'ਚ ਬਾਸਮਤੀ ਚੌਲਾਂ ਦੀ ਆਮਦ 26.45 ਲੱਖ ਟਨ ਦਰਜ ਕੀਤੀ ਗਈ। ਇਹ 2022-23 ਦੇ ਸੀਜ਼ਨ ਨਾਲੋਂ 13 ਫੀਸਦੀ ਵੱਧ ਸੀ, ਜਦੋਂ ਪੰਜਾਬ ਨੇ ਕੁਲ 23.32 ਲੱਖ ਟਨ ਕਣਕ ਦੀ ਆਮਦ



ਦਰਜ ਕੀਤੀ ਸੀ। ਸਾਲ 2022-23 ਦੇ ਸਾਉਣੀ ਸੀਜ਼ਨ ਵਿਚ ਪੰਜਾਬ ਦਾ ਗੈਰ-ਬਾਸਮਤੀ ਉਤਪਾਦਨ 182.96 ਟਨ ਸੀ ਜੋ 2023-24 ਵਿਚ ਵਧ ਕੇ 185.86 ਲੱਖ ਟਨ ਹੋ ਗਿਆ।

ਫਸਲ ਦੀ ਬਿਜਾਈ ਤੋਂ ਤੁਰੰਤ ਬਾਅਦ ਸੂਬੇ 'ਚ ਹੜ੍ਹ ਆਉਣ ਦੇ ਬਾਵਜੂਦ ਚੌਲਾਂ ਦੇ ਉਤਪਾਦਨ ਵਿਚ ਵਾਧਾ ਹੋਇਆ ਹੈ।

ਝੋਨੇ ਦੀ ਬਿਜਾਈ ਦੇ ਸੀਜ਼ਨ ਦੌਰਾਨ ਆਏ ਹੜ੍ਹਾਂ ਨੇ ਪਟਿਆਲਾ, ਸੰਗਰੂਰ, ਰੂਪਨਗਰ, ਜਲੰਧਰ, ਫਿਰੋਜ਼ਪੁਰ ਅਤੇ ਫਤਹਿਗੜ੍ਹ ਸਾਹਿਬ ਸਮੇਤ ਵੱਖ-ਵੱਖ ਜ਼ਿਲ੍ਹਿਆਂ ਵਿਚ ਤਬਾਹੀ ਮਚਾਈ ਸੀ, ਜਿਸ ਕਾਰਨ ਲਗਭਗ 85,000 ਹੈਕਟੇਅਰ ਰਕਬੇ 'ਚ ਫਸਲ ਦਾ ਨੁਕਸਾਨ ਹੋਇਆ ਸੀ। ਲੁਧਿਆਣਾ ਸਥਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਦੇ ਖੋਜ (ਫਸਲ ਸੁਧਾਰ) ਦੇ ਵਧੀਕ ਡਾਇਰੈਕਟਰ ਜੀ. ਐਸ. ਮਾਂਗਟ ਨੇ ਕਿਹਾ ਕਿ ਕਿਸਾਨਾਂ ਨੂੰ ਸਾਉਣੀ ਦੀ ਫਸਲ ਦੀ ਦੁਬਾਰਾ ਬਿਜਾਈ ਕਰਨੀ ਪਈ ਕਿਉਂਕਿ ਉਤਪਾਦਕਾਂ ਨੇ ਥੋੜ੍ਹੇ ਸਮੇਂ ਲਈ ਝੋਨੇ ਦੀ ਕਿਸਮ ਪੀ ਆਰ 126 ਅਤੇ ਪੂਸਾ ਬਾਸਮਤੀ 1509 ਦੀ ਵਰਤੋਂ ਕੀਤੀ ਜਿਸ ਨਾਲ ਉਨ੍ਹਾਂ ਨੂੰ ਬਹੁਤ ਲਾਭ ਹੋਇਆ।

ਉਨ੍ਹਾਂ ਅੱਗੇ ਕਿਹਾ ਕਿ, ''ਇਸ ਵਾਰ, ਝਾੜ ਵਧੇਰੇ ਸੀ ਕਿਉਂਕਿ ਕਿਸਾਨਾਂ ਨੇ ਅਜਿਹੀਆਂ ਕਿਸਮਾਂ ਵਲ ਰੁਖ ਕੀਤਾ ਜਿਨ੍ਹਾਂ ਵਿਚ ਲਗਭਗ ਇਕ ਮਹੀਨਾ ਘੱਟ ਸਮਾਂ ਲਗਦਾ ਹੈ। ਸਾਲ 2023-24 ਵਿਚ ਬਾਸਮਤੀ ਹੇਠ ਰਕਬਾ ਵਧਾ ਕੇ 6 ਲੱਖ ਹੈਕਟੇਅਰ ਕਰ ਦਿਤਾ ਗਿਆ ਜੋ ਪਿਛਲੇ ਸੀਜ਼ਨ ਨਾਲੋਂ ਲਗਭਗ ਇਕ ਲੱਖ ਹੈਕਟੇਅਰ ਵੱਧ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰਮੁੱਖ ਖੇਤੀਬਾੜੀ ਵਿਗਿਆਨੀ ਐਮ.ਐਸ. ਭੁੱਲਰ ਨੇ ਕਿਹਾ ਕਿ ਥੋੜ੍ਹੀ ਮਿਆਦ ਦੀਆਂ ਕਿਸਮਾਂ ਨੇ ਕਿਸਾਨਾਂ ਨੂੰ ਆਰਥਕ ਤਬਾਹੀ ਤੋਂ ਬਚਾਇਆ ਤੇ ਕੁਦਰਤੀ ਆਫਤ ਤੋਂ ਗੰਭੀਰ ਚੁਣੌਤੀ ਦੇ ਵਿਚਕਾਰ ਕੇਂਦਰੀ ਪੂਲ ਵਿਚ ਟੋਨੇ ਦੀ ਨਿਰਧਾਰਤ ਮਾਤਰਾ ਦੀ ਸਪਲਾਈ ਕਰਨ ਅਤੇ ਮਾਲੀਆ ਪੈਦਾ ਕਰਨ ਦੀ ਵਚਨਬੱਧਤਾ ਨੂੰ ਪੂਰਾ ਕਰਨ ਵਿਚ ਸੂਬੇ ਦੀ ਸਹਾਇਤਾ ਕੀਤੀ ਹੈ।

# ਬਾਗਬਾਨਾਂ ਲਈ ਚਾਨਣ ਮੁਨਾਰਾ : ਫਲ ਖੋਜ ਕੇਂਦਰ ਜੱਲੋਵਾਲ


ਤਨਜੀਤ ਸਿੰਘ ਚਾਹਲ ਅਤੇ ਵਿਕਰਮਜੀਤ ਸਿੰਘ, ਫਲ ਖੋਜ ਕੇਂਦਰ ਜੱਲੋਵਾਲ-ਲੈਸੜੀਵਾਲ
ਮੋ. 98141-37547


ਫਲ ਖੋਜ ਕੇਂਦਰ ਜੱਲੋਵਾਲ, ਜਿਸਦੀ ਦੇਖ ਰੇਖ ਜੂਨ 2012 ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਕੀਤੀ ਜਾ ਰਹੀ ਹੈ। ਇਸ ਕੇਂਦਰ ਵਿਖੇ ਫਲਦਾਰ ਬੂਟਿਆਂ ਦਾ ਵੱਡੇ ਪੱਧਰ ਉੱਪਰ ਨਰਸਰੀ ਉਤਪਾਦਨ ਕੀਤਾ ਜਾਂਦਾ ਹੈ। ਜਿਸ ਵਿਚ ਵਿਸ਼ੇਸ਼ ਤੌਰ ਤੇ ਨਿੰਬੂ ਜਾਤੀ ਦੇ ਸਮੂਹ ਜਿਵੇਂ ਕਿ ਸੰਤਰਾ, ਮਾਲਟਾ, ਗਰੇਪ ਫਰੂਟ, ਕਾਗਜ਼ੀ ਅਤੇ ਬਾਰਾਮਾਸੀ ਨਿੰਬੂ ਤੇ ਵਿਸ਼ੇਸ਼ ਧਿਆਨ ਦੇ ਕੇ ਬਿਮਾਰੀ ਰਹਿਤ ਨਰਸਰੀ ਪੌਦੇ ਤਿਆਰ ਕਰਨ ਲਈ ਹਾਈਟੈਕ ਅਤੇ ਵਿਗਿਆਨਕ ਪਹੁੰਚ ਤੇ ਕੰਮ ਕੀਤਾ ਜਾ ਰਿਹਾ ਹੈ।



ਫਲ ਖੋਜ ਕੇਂਦਰ ਵਿਖੇ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਜੜ੍ਹ-ਮੁੱਢ ਦੀਆਂ ਕਿਸਮਾਂ ਨੂੰ ਪ੍ਰੋਟਰੇਜ (ਕੁੱਪੀਆਂ) ਵਿਚ ਜੀਵਾਣੂੰ ਰਹਿਤ ਮਿਸ਼ਰਣ ਨਾਲ ਤਿਆਰ ਕੀਤਾ ਜਾਂਦਾ ਹੈ। ਜੜ੍ਹ-ਮੁੱਢ ਦੀ ਬਿਜਾਈ ਤੋਂ ਪਿਉਂਦ ਕਰਨ ਦਾ ਸਾਰਾ ਕੰਮ ਬੜੇ ਹੀ ਤਕਨੀਕੀ ਢੰਗ ਨਾਲ ਵੱਖ-ਵੱਖ ਢਾਂਚਿਆਂ ਅੰਦਰ ਸੰਚਾਲਿਤ ਕੀਤਾ ਜਾਂਦਾ ਹੈ। ਇਸ ਕੇਂਦਰ ਵਿਖੇ ਜੜ੍ਹ-ਮੁੱਢ ਉੱਪਰ ਪਿਉਂਦ ਕਰਨ ਦੇ ਸੁਚੱਜੇ ਢੰਗ ਤਰੀਕੇ ਅਤੇ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਕਿ ਵਧੀਆ ਕਿਸਮ ਦੇ ਨਰੋਏ ਬੂਟੇ ਤਿਆਰ ਹੋ ਸਕਣ। ਇਸ ਕੇਂਦਰ ਵਿਚ ਨਿੰਬੂ ਜਾਤੀ ਦੇ ਨਾਲ-ਨਾਲ ਅਨਾਜ, ਅਲੂਚਾ, ਅੰਜੀਰ ਅਤੇ ਅੰਬ ਦੇ ਬੂਟੇ ਵੀ ਤਿਆਰ ਕੀਤੇ ਜਾਂਦੇ ਹਨ। ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਕਿਸਾਨ ਇੱਥੇ ਪਹੁੰਚ ਕਰਕੇ ਤਿਆਰ ਬੂਟੇ ਪ੍ਰਾਪਤ ਕਰਦੇ ਹਨ। ਪੰਜਾਬ ਦੇ ਨਾਲ-ਨਾਲ ਬਾਹਰੀ ਸੂਬਿਆਂ, ਜਿਵੇਂ ਜੰਮੂ-ਕਸ਼ਮੀਰ, ਹਰਿਆਣਾ, ਹਿਮਾਚਲ, ਰਾਜਸਥਾਨ, ਮਹਾਂਰਾਸ਼ਟਰ ਦੇ ਕਿਸਾਨ ਵੀ ਇਸ ਕੇਂਦਰ ਵਿਖੇ ਪਹੁੰਚ ਕਰਕੇ ਵਪਾਰਕ ਪੱਧਰ 'ਤੇ ਫਲਦਾਰ ਬੂਟੇ ਲੈ ਕੇ ਜਾਂਦੇ ਹਨ। ਇਸ ਕੇਂਦਰ ਦੇ ਬੂਟੇ ਨੀਲਗਿਰੀ ਪਹਾੜਾਂ ਵਿਚ ਵੀ ਵਪਾਰਕ ਪੱਧਰ ਉੱਪਰ ਲਗਾਉਣ ਲਈ ਉਪਲੱਬਧ ਕਰਵਾਏ ਗਏ ਹਨ। ਨਰਸਰੀ ਉਤਪਾਦਨ ਤੋਂ ਇਲਾਵਾ ਖੋਜ ਕੇਂਦਰ ਵਲੋਂ ਫਲ ਖੋਜ ਕੇਂਦਰ ਜੱਲੋਵਾਲ ਵਿਖੇ ਨਿੰਬੂ ਜਾਤੀ ਦੇ ਤਿਆਰ ਕੀਤੇ ਜਾਣ ਵਾਲੇ ਬੂਟੇ

| ਲ. ਨੰ. | ਸਮੂਹ | ਕਿਸਮ |
|---|---|---|
| 1. | ਸੰਤਰਾ | ਡੇਜ਼ੀ, ਡਬਲਿਊ ਮਰਕਟ, ਕਿੰਨੂ, ਪੀ. ਏ. ਯੂ. ਕਿੰਨੂ-1, |
| 2. | ਮਾਲਟਾ | ਅਰਲੀ ਗੋਲਡ, ਬਲੱਡ ਰੈਡ, ਜਾਫਾ ਮੁਸੰਮੀ, ਵੈਨਜੀਲੀਆ, ਵਲੈਨਸ਼ੀਆ |
| 3. | ਗਰੇਪ ਫਰੂਟ | ਸਟਾਰ ਰੂਬੀ, ਰੈਡਬਲੱਸ਼, ਮਾਰਸ਼ ਸੀਡਲੈੱਸ |
| 4. | ਨਿੰਬੂ | ਕਾਗਜ਼ੀ, ਪੀ.ਏ.ਯੂ. ਬਾਰਾਮਾਸੀ ਨਿੰਬੂ-1, ਯੂਰੇਕਾ |

# ਨੈਨੋ ਖਾਦਾਂ ਪੰਜਾਬ ਦੀ ਖੇਤੀ ਲਈ ਲਾਭਦਾਇਕ ਨਹੀਂ

**ਪੰਜਾਬ ਨੂੰ ਫੈਸਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਤਜਰਬਿਆਂ ਨੂੰ ਆਧਾਰ ਬਣਾ ਕੇ ਕਰਨਾ ਚਾਹੀਦਾ ਹੈ। ਇਹ ਖਾਦਾਂ ਉੱਨੀ-ਇੱਕੀ ਬਰਾਨੀ ਜ਼ਮੀਨਾਂ 'ਚ ਲਾਹੇਵੰਦ ਹੋ ਸਕਦੀਆਂ ਹਨ, ਜਿੱਥੇ ਲੋਕ ਖਾਦਾਂ ਘੱਟ ਵਰਤਦੇ ਹਨ, ਕਿਉਂਕਿ ਬਾਰਿਸ਼ ਕਦੋਂ ਅਤੇ ਕਿੰਨੀ ਪੈਣੀ ਹੈ, ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਪੰਜਾਬ ਵਰਗੇ ਸੂਬੇ 'ਚ ਜਿੱਥੇ ਉੱਨਤ ਖੇਤੀ ਹੁੰਦੀ ਹੈ, ਅੱਜ ਦੀ ਘੜੀ ਇਨ੍ਹਾਂ ਦਾ ਕੋਈ ਲਾਭ ਨਹੀਂ।**



ਡਾ. ਐਸ. ਪੀ ਐਸ ਬਰਾੜ,
ਪੀਐਚ.ਡੀ, ਸਾਇਲ ਸਾਇੰਸ
(ਪਲਾਂਟ ਨਿਊਟਰੀਸ਼ਨ) ਰਿਟਃ
ਡਾਇਰੈਕਟਰ ਪੰਜਾਬ ਐਗਰੀਕਲਚਰਲ
ਮੈਨੇਜਮੈਂਟ ਐਂਡ ਐਕਸਟੈਂਸ਼ਨ ਟ੍ਰੇਨਿੰਗ
ਇੰਸਟੀਚਿਊਟ, ਪੀ. ਏ. ਯੂ., ਲੁਧਿਆਣਾ
ਮੋਬਾਇਲ : 99151-94104



ਡਾ. ਅਮਨਪ੍ਰੀਤ ਸਿੰਘ ਬਰਾੜ,
ਪੀ. ਐਚ ਡੀ ਬਿਜਨਸ ਮੈਨੇਜਮੈਂਟ,
ਅਸੋਸੀਏਟ ਪ੍ਰੋਫੈਸਰ ਬਿਜਨਸ ਮੈਨੇਜਮੈਂਟ,
ਗੁਰੂ ਨਾਨਕ ਇੰਸਟੀਚਿਊਟ ਆਫ
ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ
ਮੋ : 965379000

ਇਸ ਵਕਤ ਇਫਕੋ (IFFCO) ਨੈਨੋ ਖਾਦਾਂ ਦੇ ਘੋਲ ਦੇ ਰੂਪ 'ਚ ਮੰਡੀ 'ਚ ਲਿਆ ਰਹੀ ਹੈ। ਪਹਿਲਾਂ ਨੈਨੋ ਯੂਰੀਏ ਦੀਆਂ ਬੋਤਲਾਂ ਆਈਆਂ, ਹੁਣ ਡੀ. ਏ. ਪੀ. ਨੂੰ ਵੀ ਮਨਜ਼ੂਰੀ ਮਿਲ ਗਈ ਹੈ। ਇਸ ਤੋਂ ਅੱਗੇ ਜ਼ਿੰਕ ਅਤੇ ਹੋਰ ਲੋੜੀਂਦੇ ਤੱਤ ਵੀ ਨੈਨੋ ਘੋਲ ਦੇ ਰੂਪ ਵਿਚ ਆਉਣਗੇ, ਜਿੱਥੋਂ ਤੱਕ ਯੂਰੀਆਂ ਅਤੇ ਡੀ.ਏ.ਪੀ. ਦਾ ਸੰਬੰਧ ਹੈ, ਇਹ ਕਿਸਾਨਾਂ ਲਈ ਸਮੱਸਿਆ ਦਾ ਕਾਰਨ ਬਣ ਸਕਦੇ ਹਨ। ਇਨ੍ਹਾਂ ਤੱਤਾਂ ਦੀ ਫਸਲ ਦੀ ਲੋੜ ਬਹੁਤ ਜ਼ਿਆਦਾ ਹੈ, ਪਰ ਬੋਤਲ 'ਚ ਮਾਤਰਾ ਬਹੁਤ ਘੱਟ, ਜੋ ਸਪਰੇਅ ਨਾਲ ਪੂਰੇ ਨਹੀਂ ਕੀਤੇ ਜਾ



ਸਕਦੇ। ਨੈਨੋ ਯੂਰੀਆ ਆਮ ਬਾਜ਼ਾਰੀ ਯੂਰੀਏ ਨੂੰ ਕੁਇੰਨਹਾਈਡਰੋਨ ਵਿਚ ਘੋਲ ਕੇ ਕੈਲਸ਼ੀਅਮ ਕਾਰਬਾਈਡ ਦੇ ਉੱਪਰ ਸਪਰੇਅ ਕਰਕੇ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਯੂਰੀਏ ਦੇ ਕਣ ਇਕੱਲੇ-ਇਕਲੇ ਹੋ ਜਾਂਦੇ ਹਨ ਅਤੇ ਉਹ ਆਪਣਾ ਕੰਮ ਕਰਨ 'ਚ ਜ਼ਿਆਦਾ ਚੁਸਤ ਹੋ ਜਾਂਦੇ ਹਨ, ਜਦਕਿ ਸਧਾਰਨ ਯੂਰੀਏ 'ਚ ਇਹ ਕਣ ਇਕ-ਦੂਜੇ ਨਾਲ ਜੁੜੇ ਹੁੰਦੇ ਹਨ। ਨੈਨੋ ਕਣ (ਪਾਰਟੀਕਲ) ਉਨ੍ਹਾਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਮੱਧ ਵਰਗ ਇਕ ਮੀਟਰ ਦੇ ਇਕ ਕਰੋੜਵੇਂ ਹਿੱਸੇ ਤੋਂ ਘੱਟ ਹੋਵੇ (1/1 ਕਰੋੜ ਮੀਟਰ)। ਨੈਨੋ ਕਣਾਂ ਨੂੰ ਜੇ ਸ਼ੁੱਧ ਪਾਣੀ 'ਚ ਘੋਲਿਆ ਜਾਵੇ ਤਾਂ ਪਾਣੀ ਹੀ ਨਜ਼ਰ ਆਵੇਗਾ, ਉਸ ਵਿਚ ਘੁਲਿਆ ਪਦਾਰਥ ਨਹੀਂ। ਜਿਹੜੀ ਬੋਤਲ ਨੈਨੋ ਯੂਰੀਏ ਦੀ ਬਾਜ਼ਾਰ 'ਚ ਮਿਲਦੀ ਹੈ, ਉਸ 'ਚ 4 ਪ੍ਰਤੀਸ਼ਤ ਯੂਰੀਆ ਹੁੰਦਾ ਹੈ। ਅੱਧੇ ਲੀਟਰ ਦੀ ਬੋਤਲ 'ਚ 20 ਗ੍ਰਾਮ ਯੂਰੀਆ (ਦੋ ਤੋਲੇ ਦੇ ਬਰਾਬਰ) ਅਤੇ 9.2 ਗਰਾਮ ਨਾਈਟ੍ਰੋਜਨ ਹੁੰਦੀ ਹੈ। ਇਫਕੋ ਦਾ ਇਹ ਕਹਿਣਾ ਹੈ ਕਿ ਨੈਨੋ ਯੂਰੀਏ ਦੀ ਇਕ ਬੋਤਲ ਫਸਲ 'ਤੇ ਅਸਰ ਯੂਰੀਏ ਦੀ 45 ਕਿਲੋਂ ਬੋਰੀ ਜਿੰਨਾ ਹੈ, ਜਿਸ ਵਿਚ 20 ਕਿਲੋ 700 ਗਰਾਮ ਨਾਈਟਰੋਜਨ ਹੁੰਦੀ ਹੈ। ਭਾਵ 9.2 ਗਰਾਮ ਅਤੇ 20 ਕਿਲੋ 700 ਗਰਾਮ ਦਾ ਅਸਰ ਇਕੋ ਜਿਹਾ।

### ਦੋਹਾਂ 'ਚ ਫਰਕ

ਜਿਸ ਤਰ੍ਹਾਂ ਸਾਰੇ ਜਾਣਦੇ ਹਨ ਕਿ ਬੋਰੀਆਂ ਵਾਲੀਆਂ ਯੂਰੀਆ ਦਾਣੇਦਾਰ ਹੁੰਦਾ ਹੈ। ਇਸ 'ਚ ਯੂਰੀਏ ਦੇ ਕਣ ਉਹੋ ਹੀ ਹੁੰਦੇ ਹਨ, ਜਿਸ ਤੋਂ ਨੈਨੋ ਯੂਰੀਆ ਬਣਦਾ ਹੈ, ਇਕ ਸੁੱਕਾ ਹੋਣ ਕਰਕੇ ਇਸ ਦੇ ਕਣ ਇਕ-ਦੂਜੇ ਦੇ ਨੇੜੇ ਹੁੰਦੇ ਹਨ ਜਾ ਇਹ ਕਹਿ ਲਓ ਕਿ ਪ੍ਰੈੱਸ ਕੀਤੇ ਹੁੰਦੇ ਹਨ। ਇਸ 'ਚ ਕੈਲਸ਼ੀਅਮ ਕਾਰਬਾਈਡ ਅਤੇ ਕੁਇੰਨ ਹਾਈਡਰੋਜਨ ਦੇ ਕਣ ਨਹੀਂ ਹੁੰਦੇ। ਇਹ ਪਾਣੀ 'ਚ ਬਹੁਤ ਤੇਜ਼ੀ ਨਾਲ ਘੁਲਣਸ਼ੀਲ ਹੈ ਅਤੇ ਜਿਵੇਂ-ਜਿਵੇਂ ਘੋਲ ਪਤਲਾ ਹੁੰਦਾ ਜਾਂਦਾ ਹੈ ਯੂਰੀਏ ਦੇ ਕਣ ਫੈਲਦੇ ਜਾਣਗੇ। ਸਾਦਾ ਯੂਰੀਆ ਵੀ ਪਾਣੀ 'ਚ ਤਿੰਨ ਪ੍ਰਤੀਸ਼ਤ ਘੋਲ ਕੇ ਸਪਰੇਅ ਕੀਤਾ ਜਾਂਦਾ ਹੈ, ਜਿੱਥੇ ਕਣਕ ਨੂੰ ਪਾਣੀ ਲੱਗਾ ਹੋਵੇ ਤੇ ਉੱਪਰੋਂ ਬਾਰਿਸ਼ ਪੈ ਜਾਵੇ ਤਾਂ ਕਣਕ ਪੀਲੀ ਪੈ ਸਕਦੀ ਹੈ। ਜ਼ਮੀਨ ਵਿਹਲੀ ਨਾਈਟ੍ਰੋਜਨ ਅਸਰ ਉਦੋਂ ਕਰੇਗੀ ਜਿਵੇਂ-ਜਿਵੇਂ ਜ਼ਮੀਨ ਵੱਤਰ ਆਵੇਗੀ। ਜੇਕਰ 3 ਪ੍ਰਤੀਸ਼ਤ ਯੂਰੀਏ ਦਾ ਘੋਲ ਸਪਰੇਅ ਕਰ ਦਿੱਤਾ ਜਾਵੇ ਤਾਂ ਨਾਈਟ੍ਰੋਜਨ ਦੀ ਘਾਟ ਜਲਦੀ ਦੂਰ ਹੋ ਜਾਂਦੀ ਹੈ। ਇਸੇ ਤਰ੍ਹਾਂ ਜ਼ਿੰਕ ਦੀ ਘਾਟ ਆਈ, ਜ਼ਿੰਕ ਸਪਰੇਅ ਕਰਨੀ ਹੈ, ਨਾਲ ਯੂਰੀਆ ਪਾ ਦਿੱਤਾ ਕਣਕ ਜਲਦੀ ਉਠੇਗੀ। ਕਹਿਣ ਦਾ ਮਤਲਬ ਜੋ ਯੂਰੀਏ ਨੇ ਕੰਮ ਕਰਨਾ, ਉਹੋ ਹੀ ਨੈਨੋ ਯੂਰੀਏ ਨੇ ਕਰਨਾ ਹੈ ਪਰ ਇਫਕੋ ਦਾ ਕਹਿਣਾ ਹੈ ਕਿ ਨੈਨੋ ਯੂਰੀਆ ਅਸਰ ਜਲਦੀ ਕਰੇਗਾ। ਇਫਕੋ ਦਾ ਇਹ ਵੀ ਕਹਿਣਾ ਹੈ ਕਿ ਨੈਨੋ ਯੂਰੀਏ ਦੀਆਂ ਦੋ ਸਪਰੇਆਂ ਇਕ ਫਸਲ ਬੀਜਣ ਦੇ 30-35 ਦਿਨ ਬਾਅਦ ਅਤੇ ਦੂਜੀ ਫਸਲ ਦੇ ਨਿਸਾਰੇ 'ਤੇ ਕਰਨ ਨਾਲ ਫਸਲ ਦਾ ਝਾੜ 7 ਪ੍ਰਤੀਸ਼ਤ ਵੱਧ ਜਾਂਦਾ ਹੈ। ਬੋਰੀ ਵਾਲੇ ਯੂਰੀਏ ਦੇ ਛਿੱਟੇ ਦੇ ਮੁਕਾਬਲੇ। ਖੇਤੀਬਾੜੀ ਯੂਨੀਵਰਸਿਟੀ 'ਚ ਕੀਤੇ ਤਜਰਬਿਆਂ ਮੁਤਾਬਿਕ ਨੈਨੋ ਯੂਰੀਏ ਨਾਲ ਦੂਜੇ ਦੇ ਮੁਕਾਬਲੇ ਝਾੜ ਵੀ ਘਟਦਾ ਹੈ ਅਤੇ ਪ੍ਰੋਟੀਨ ਵੀ ਘਟਦੀ ਹੈ।

### ਨਾਈਟ੍ਰੋਜਨ ਦੀ ਲੋੜ ਕਿਉਂ

ਨਾਈਟ੍ਰੋਜਨ ਬੂਟੇ 'ਚ ਕਲੋਰੋਫਿਲ (ਹਰੇ ਵਾਈ), ਅਮੀਨੋ ਐਸਿਡ, ਨਿਊਕਲਿਕ ਐਸਿਡ, ਇਨਜਾਈਮ, ਹਾਰਮੋਨ, ਪ੍ਰੋਟੀਨ, ਫੋਟੋਸਿਟਥਿਸਸ ਅਤੇ ਹੋਰ ਅਨੇਕਾਂ ਕਿਰਿਆਵਾਂ ਲਈ ਚਾਹੀਦੀ ਹੈ। ਇਕ ਟਨ ਕਣਕ ਪੈਦਾ ਕਰਨ ਲਈ ਤੂੜੀ ਅਤੇ ਦਾਣਿਆਂ 'ਚ 25 ਕਿਲੋ ਨਾਈਟ੍ਰੋਜਨ ਚਲੀ ਜਾਂਦੀ ਹੈ। ਪੰਜਾਬ ਵਿਚ ਇਸ ਵੇਲੇ ਕਣਕ ਦਾ ਔਸਤ ਝਾੜ ਪੰਜ ਟਨ ਪ੍ਰਤੀ ਹੈਕਟੇਅਰ ਹੈ, ਭਾਵ 125 ਕਿਲੋ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਕਣਕ 'ਚ ਚਲੀ ਗਈ। ਇਸੇ ਤਰ੍ਹਾਂ ਇਕ ਟਨ ਝੋਨਾ ਪੈਦਾ ਕਰਨ ਲਈ 20 ਕਿਲੋ ਨਾਈਟ੍ਰੋਜਨ ਚਲੀ ਜਾਂਦੀ ਹੈ। ਦੋਵਾਂ ਫਸਲਾਂ ਰਲ ਕੇ ਜ਼ਮੀਨ 'ਚੋਂ 245 ਤੋਂ 265 ਕਿਲੋ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਲੈ ਜਾਂਦੀਆਂ ਹਨ ਅਤੇ ਅਸੀਂ ਹੁਣ ਦੀ ਸਿਫਾਰਿਸ਼ ਮੁਤਾਬਿਕ 260 ਕਿਲੋ ਨਾਈਟ੍ਰੋਜਨ ਡੀ.ਏ.ਪੀ. ਅਤੇ ਯੂਰੀਆ ਦੀ ਸ਼ਕਲ 'ਚ ਦੋਵੇਂ ਫਸਲਾਂ ਨੂੰ ਹੀ ਪਾਉਂਦੇ ਹਾਂ। ਇੰਨੀ ਜ਼ਰੂਰਤ ਅੱਧੀ ਨਾਈਟ੍ਰੋਜਨ ਹੇਠਾਂ ਪਾ ਕੇ ਅਤੇ ਬਾਕੀ ਅੱਧੀ ਦੀ ਜਗ੍ਹਾਂ 5 ਬੋਤਲਾਂ, ਜਿਸ 'ਚ 100 ਗ੍ਰਾਮ ਯੂਰੀਆ ਜਾਂ 46 ਗ੍ਰਾਮ ਨਾਈਟ੍ਰੋਜਨ ਹੈ, ਨੇ ਘਰ ਪੂਰਾ ਨਹੀਂ ਕਰਨਾ, ਕਿਉਂਕਿ ਪ੍ਰੋਟੀਨ ਨਾਈਟ੍ਰੋਜਨ ਨਾਲ ਹੀ ਬਣਨੀ ਹੈ ਕਣਕ 'ਚ ਘੱਟ-ਘੱਟ 12 ਪ੍ਰਤੀਸ਼ਤ ਪ੍ਰੋਟੀਨ ਚਾਹੀਦੀ ਹੈ। ਜੇ ਬੂਟੇ ਨੂੰ ਇਹ ਨਹੀਂ ਮਿਲੇਗੀ ਤਾਂ ਉਸ 'ਚ ਵਾਧਾ ਨਹੀਂ ਹੋਵੇਗਾ।

### ਨੈਨੋ ਡੀ. ਏ. ਪੀ.

ਨੈਨੋ ਡੀ. ਏ. ਪੀ. ਮੁੱਢਲੇ ਤੌਰ 'ਤੇ ਡੀ. ਏ. ਪੀ. ਹੀ ਹੈ, ਜਿਸ ਨੂੰ ਵੱਧ ਤਾਪਮਾਨ 'ਤੇ ਪੀਸ ਕੇ ਬਣਾਇਆ ਜਾਂਦਾ ਹੈ ਜਾਂ ਫਿਰ ਸਿੱਧਾ ਰਾਕ ਫਾਸਫੇਟ ਨੂੰ ਨਾਈਟਰਿਕ ਐਸਿਡ ਦੀ ਸਲਰੀ (ਚਿੱਕੜ) ਬਣਾ ਕੇ ਉਸ 'ਚ ਕਾਰਬਨ ਪਾ ਕੇ ਯੂਰੀਏ ਵਾਲੀ (ਅਮਾਈਡ ਫਾਰਮ) ਨਾਈਟ੍ਰੋਜਨ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ। ਇਸ ਦਾ ਘੋਲ ਪਾਣੀ 'ਚ ਤਿਆਰ ਕਰਨ ਕਰਕੇ ਇਸ ਦੇ ਕਣ ਨਿੱਖੜਵੇਂ ਰਹਿੰਦੇ ਹਨ, ਜਿਸ ਕਰਕੇ ਜੜ੍ਹਾਂ ਜਾਂ ਪੱਤਿਆਂ ਰਾਹੀਂ ਬੂਟੇ ਅੰਦਰ ਜਲਦੀ ਚਲੇ ਜਾਂਦੇ ਹਨ ਅਤੇ ਅਸਰ ਵੀ ਛੇਤੀ ਹੋਣ ਲੱਗਦਾ ਹੈ ਪਰ ਅੱਗੇ ਸਵਾਲ ਇਹ ਹੈ ਕਿ, ਕੀ ਇਹ ਬੂਟੇ ਦੀ ਲੋੜ ਪੂਰੀ ਕਰ ਸਕੇਗੀ। ਨੈਨੋ ਡੀ. ਏ. ਪੀ. ਦੇ ਘੋਲ ਵਿਚ 8 ਪ੍ਰਤੀਸ਼ਤ ਨਾਈਟ੍ਰੋਜਨ ਅਤੇ 16 ਪ੍ਰਤੀਸ਼ਤ ਫਾਸਫੇਟ ਭਾਵ ਇਕ ਬੋਤਲ ਜਿਸ ਦੀ ਘੱਟ-ਘੱਟ ਕੀਮਤ 600 ਰੁਪਏ ਉਸ ਵਿਚ 40 ਗ੍ਰਾਮ ਨਾਈਟ੍ਰੋਜਨ (88 ਗ੍ਰਾਮ ਯੂਰੀਆ) ਅਤੇ 800 ਗ੍ਰਾਮ ਫਾਸਫੇਟ ਜੋ 176 ਗ੍ਰਾਮ ਡੀ. ਏ. ਪੀ. ਦੇ ਬਰਾਬਰ ਹੈ। ਹੁਣ ਗੱਲ ਕਰਦੇ ਹਾਂ ਇਸ ਦੀ ਵਰਤੋਂ ਦੀ, ਇਫਕੋ ਦੀ ਸਿਫਾਰਸ਼ ਮੁਤਾਬਿਕ ਕਣਕ ਨੂੰ ਏਕੜ ਦੀ ਅੱਧੀ ਬੋਰੀ ਡੀ. ਏ. ਪੀ. (ਦਾਣੇਦਾਰ) ਦੀ ਹੇਠਾਂ ਪਾਓ ਅਤੇ 2 ਤੋਂ 3 ਸੀ. ਸੀ. (ਐਮ. ਐੱਲ.) ਪ੍ਰਤੀ ਕਿਲੋ ਬੀਜ ਨੂੰ ਨੈਨੋ ਡੀ. ਏ. ਪੀ. ਦਾ ਘੋਲ ਲਗਾਓ ਭਾਵ 40 ਕਿਲੋ ਬੀਜ ਨੂੰ 80 ਤੋਂ 120 ਐਮ. ਐੱਲ. ਘੋਲ ਲਗਾਓ, ਜਿਸ ਦਾ ਮਤਲਬ ਬੀਜ ਨੂੰ 14 ਤੋਂ 21 ਗ੍ਰਾਮ ਯੂਰੀਆ ਅਤੇ 28 ਤੋਂ 42 ਗ੍ਰਾਮ ਡੀ. ਏ. ਪੀ. ਦੇ ਬਰਾਬਰ ਫਾਸਫੇਟ ਲੱਗ ਗਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਐਨੀ ਘੱਟ ਮਿਕਦਾਰ 'ਚ ਵਰਤੀ ਖਾਦ ਦੀ ਪੰਜਾਬ 'ਚ ਉਗਾਈ ਜਾਣ ਵਾਲੀ ਕਣਕ, ਜਿਸ ਦਾ ਔਸਤ ਝਾੜ ਹੀ 20 ਕੁਇੰਟਲ ਪ੍ਰਤੀ ਏਕੜ ਹੈ, ਉਸ ਦੀ ਲੋੜ ਨੂੰ ਪੂਰਾ ਕਰੇਗੀ। ਇਸ ਤੋਂ ਅੱਗੇ ਸੀਜ਼ਨ ਵੇਲੇ ਡੀ. ਏ. ਪੀ. ਦੀ ਪਹਿਲਾਂ ਹੀ ਘਾਟ ਰਹਿੰਦੀ ਹੈ ਅਤੇ ਘਾਟ ਕਾਰਨ ਡੀ. ਏ. ਪੀ. ਦੀ ਬੋਰੀ ਨਾਲ ਪਹਿਲਾਂ ਹੀ ਕੋਈ ਨਾ ਕੋਈ ਘੱਟ ਵਿਕਣ ਵਾਲੀ ਨਦੀਨ ਨਾਸ਼ਕ ਜਾਂ ਕੋਈ ਮਾਈਕਰੋ ਨਿਊਟਰੀਏਂਟ ਮਿਕਸਚਰ ਜੋੜ ਦਿੱਤਾ ਜਾਂਦਾ ਹੈ ਅਤੇ ਕਿਸਾਨ ਨੂੰ ਮਜ਼ਬੂਰੀ ਵੱਸ ਖਰੀਦਣਾ ਪੈਂਦਾ ਹੈ। ਹੁਣ ਗੱਲ ਕਰਦੇ ਹਾਂ ਜਿਹੜੀਆਂ ਦੋ ਸਪਰੇਆਂ ਕਰਨੀਆਂ ਹਨ, ਉਨ੍ਹਾਂ ਦਾ ਮਿਕਦਾਰ 250 ਤੋਂ 500 ਐਮ ਐੱਲ ਪ੍ਰਤੀ ਏਕੜ ਜਿਸ 'ਚ ਪਾਣੀ ਦੀ ਮਿਕਦਾਰ ਸਪਰੇਅ ਦੇ ਹਿਸਾਬ ਨਾਲ ਵਰਤਤੀ ਜਾਂਦੀ ਹੈ। ਦੋ ਸਪਰੇਆਂ ਕਰਨ 'ਤੇ ਲੇਬਰ ਦਾ ਖਰਚਾ ਵੱਖਰਾ ਤਾਂ ਵੀ ਅੱਧੀ ਬੋਰੀ ਡੀ.



ਏ. ਪੀ. ਦੀ ਬਚਾਉਣ ਖਾਤਰ 900 ਤੋਂ 1200 ਦੀ ਨੈਨੋ ਡੀ.ਏ.ਪੀ. ਅਤੇ ਲੇਬਰ ਫਾਲਤੂ। ਜਿੱਥੋਂ ਤੱਕ ਕਣਕ ਦੀ ਗੁਣਵੱਤਾ ਦੀ ਗੱਲ ਹੈ, ਇਹ ਘੱਟ ਭਾਵੇਂ ਜਾਵੇ ਵਧਣ ਦੀ ਕੋਈ ਉਮੀਦ ਨਹੀਂ। ਵਾਤਾਵਰਨ 'ਤੇ ਅੱਧੀ ਬੋਰੀ ਡੀ. ਏ. ਪੀ. ਦਾ ਕੋਈ ਮਾੜਾ ਅਸਰ ਨਹੀਂ, ਸਗੋਂ ਜਿਹੜੀ ਬੋਤਲਾਂ ਦਾ ਹੋਰ ਕਿਸੇ ਟੈਟਰਾ ਪੈਕ 'ਚ ਇਹ ਘੋਲ ਆਵੇਗਾ, ਉਸ ਦਾ ਵਾਤਾਵਰਨ 'ਤੇ ਕੀ ਅਸਰ ਹੋਵੇਗਾ ਇਹ ਕਿਸੇ ਨੇ ਆਂਕਿਆ ਹੀ ਨਹੀਂ।

### ਮਾਈਕਰੋਨਿਊਟਰੀਐਂਟਸ

ਜਿਨ੍ਹਾਂ ਨੂੰ ਛੋਟੇ ਤੱਤ ਵੀ ਕਿਹਾ ਜਾਂਦਾ ਹੈ ਜਿਵੇਂ ਕਿ ਜ਼ਿੰਕ, ਮੈਗਨੀਜ਼, ਲੋਹਾ ਆਦਿ ਉਨ੍ਹਾਂ ਦੀ ਸਪਰੇਅ ਹੁਣ ਵੀ ਕਿਸਾਨ ਘੋਲ ਬਣਾ ਕੇ ਕਰ ਲੈਂਦੇ ਹਨ ਅਤੇ ਸਸਤੇ ਪੈਂਦੇ ਹਨ। ਇਨ੍ਹਾਂ ਦਾ ਨੈਨੋ ਰੂਪ ਲਿਆ ਕੇ ਵੀ ਕਿਸਾਨਾਂ ਤੇ ਵਾਧੂ ਭਾਰ ਪਾਉਣ ਵਾਲੀ ਗੱਲ ਹੀ ਹੈ। ਕੁੱਲ ਮਿਲਾ ਕੇ ਕੰਪਨੀਆਂ ਭਾਵੇਂ ਅਰਧ ਸਰਕਾਰੀ ਹੋਣ, ਸਰਕਾਰੀ ਜਾਂ ਪ੍ਰਾਈਵੇਟ ਸਭ ਨੇ ਆਪਣਾ ਫਾਇਦਾ ਸੋਚਣਾ ਹੈ ਪਰ ਸਰਕਾਰਾਂ ਅਤੇ ਖੇਤੀਬਾੜੀ ਮਹਿਕਮਿਆਂ ਨੂੰ ਸਿਰਫ ਉਨ੍ਹਾਂ ਵਸਤੂਆਂ ਦੀ ਸਿਫਾਰਿਸ਼ ਕਰਨੀ ਚਾਹੀਦੀ ਹੈ, ਜੋ ਕਿਸਾਨਾਂ ਦੇ ਹਿੱਤ 'ਚ ਹੋਣ। ਖੇਤੀ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵੱਖੋ-ਵੱਖਰੀ ਹੈ, ਇਕ ਵਸਤੂ ਹਰ ਜਗ੍ਹਾ ਹਰ ਫਸਲ ਲਈ ਲਾਹੇਵੰਦ ਨਹੀਂ ਹੋ ਸਕਦੀ।

### ਫਰਕ ਕਿੱਥੇ ਹੈ ?

ਇਫਕੋ ਨੇ ਜਿਹੜੇ ਤਜਰਬੇ ਕੀਤੇ ਹਨ, ਦੋ ਸੀਜ਼ਨ ਜਾਂ ਤਿੰਨ ਸੀਜ਼ਨ ਉਹ ਇੱਕੋ ਖੇਤ 'ਚ ਨਹੀਂ ਕੀਤੇ ਗਏ। ਖੇਤ ਬਦਲ ਕੇ ਕੀਤੇ ਗਏ ਹਨ, ਦੂਜਾ ਕੁਝ ਬਰਾਨੀ, ਕੁਝ ਆਰਗੈਨਿਕ ਤੇ ਜਿਹੜੇ ਸੇਂਜੂ ਹਾਲਤਾਂ 'ਚ ਕੀਤੇ ਗਏ, ਉਥੇ ਵੀ ਝਾੜ ਪੰਜਾਬ ਨਾਲੋਂ ਕਿਤੇ ਘੱਟ ਸੀ। ਜਦੋਂ ਖੇਤ ਬਦਲ ਕੇ ਤਜਰਬਾ ਕਰੋਗੇ ਤਾਂ ਪਹਿਲੀ ਫਸਲ ਨੂੰ ਪਾਈਆਂ ਖਾਦਾਂ ਦਾ ਕੁਝ ਅਸਰ ਅਗਲੀ ਫਸਲ 'ਤੇ ਆਵੇਗਾ ਜਾਂ ਕਹਿ ਲਓ ਲਗਾਤਾਰ ਖਾਦ ਵਰਤਣ ਨਾਲ ਜਿਹੜੀ ਆਰਗੈਨਿਕ ਨਾਈਟ੍ਰੋਜਨ ਅਤੇ ਫਾਸਫੋਰਸ ਜੀਵਕ ਮਾਦੇ ਦੇ ਰੂਪ 'ਚ ਜਮ੍ਹਾਂ ਹੋਈ ਹੈ, ਉਹ ਬੂਟੇ ਨੂੰ ਮਿਲੇਗੀ, ਅੱਧੀ ਹੋਰ ਪੈ ਗਈ ਦੋ ਸਪਰੇਆਂ ਹੋ ਗਈਆਂ, ਝਾੜ ਨੇੜੇ-ਤੇੜੇ ਆ ਜਾਵੇਗਾ। ਜਦੋਂ ਉਸੇ ਖੇਤ ਚ ਦੂਜੀ-ਤੀਜੀ-ਚੌਥੀ ਫਸਲ ਆਵੇਗੀ ਤਾਂ ਹਰ ਸਾਲ ਝਾੜ ਘਟੇਗਾ। ਪੰਜਾਬ ਨੂੰ ਫੈਸਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਤਜਰਬਿਆਂ ਨੂੰ ਆਧਾਰ ਬਣਾ ਕੇ ਕਰਨਾ ਚਾਹੀਦਾ ਹੈ। ਇਹ ਖਾਦਾਂ ਉੱਨੀ-ਇੱਕੀ ਬਰਾਨੀ ਜ਼ਮੀਨਾਂ 'ਚ ਲਾਹੇਵੰਦ ਹੋ ਸਕਦੀਆਂ ਹਨ, ਜਿੱਥੇ ਲੋਕ ਖਾਦਾਂ ਘੱਟ ਵਰਤਦੇ ਹਨ, ਕਿਉਂਕਿ ਬਾਰਿਸ਼ ਕਦੋਂ ਅਤੇ ਕਿੰਨੀ ਪੈਣੀ ਹੈ, ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਪੰਜਾਬ ਵਰਗੇ ਸੂਬੇ 'ਚ ਜਿੱਥੇ ਉੱਨਤ ਖੇਤੀ ਹੁੰਦੀ ਹੈ, ਅੱਜ ਦੀ ਘੜੀ ਇਨ੍ਹਾਂ ਦਾ ਕੋਈ ਲਾਭ ਨਹੀਂ। ਸੁਸਾਇਟੀਆਂ ਅਤੇ ਖਾਦਾਂ ਵੇਖਣ ਵਾਲੇ ਧੱਕੇ ਨਾਲ ਬੋਰੀ ਵਾਲੀ ਖਾਦ ਨਾਲ ਇਨ੍ਹਾਂ ਬੋਤਲਾਂ ਨੂੰ ਵੇਚਦੇ ਹਨ ਅਤੇ ਕਿਸਾਨਾਂ 'ਤੇ ਆਰਥਿਕ ਬੋਝ ਪਾਉਂਦੇ ਹਨ। ਸਰਕਾਰ ਨੂੰ ਇਸ ਪਾਸੇ ਧਿਆਨ ਦੀ ਲੋੜ ਹੈ।

# ਪੁਰਾਤਨ ਖੇਤੀਬਾੜੀ ਵਿਚ ਭਲ ਦੀ ਕੀ ਮਹੱਤਤਾ ਸੀ?

ਸਾਡਾ ਦੇਸ਼ ਖੇਤੀ ਪ੍ਰਧਾਨ ਹੈ ਕਿਉਂ ਸਾਡੀ ਧਰਤੀ ਬਹੁਤ ਉਪਜਾਊ ਹੈ । ਪੁਰਾਤਨ ਸਮੇਂ ਖੇਤੀ ਪੁਰਾਤਨ ਤਰੀਕਿਆਂ ਨਾਲ ਕੀਤੀ ਜਾਂਦੀ ਸੀ ਮਸ਼ੀਨਰੀ ਦਾ ਬੋਲਬਾਲਾ ਬਿਲਕੁੱਲ ਨਹੀਂ ਸੀ ਅਤੇ ਬੈਲਾਂ ਨਾਲ ਹੀ ਵਾਹੀ (ਜੋਤੀ) ਕਰੀ ਜਾਂਦੀ ਸੀ । ਮੇਰਾ ਬਾਪੂ (ਤਾਇਆ) ਕਰਨੈਲ ਸਿੰਘ ਇਕ ਵਧੀਆ ਮਿਆਰੀ ਕਿਸਾਨ ਸੀ ਅਤੇ ਖੇਤੀ ਦੇ ਸਭ ਨੁਕਤਿਆਂ ਤੇ ਬਹੁਤ ਚੰਗੀ ਤਰ੍ਹਾਂ ਜਾਣੂ ਸੀ । ਪਿੰਡ ਦੇ ਕਿਸਾਨ ਮੇਰੇ ਬਾਪੂ (ਤਾਇਆ) ਤੋਂ ਖੇਰੀ ਬਾਰੇ ਜਿਵੇਂ ਵੱਤਰ, ਭਲ, ਸਾਨਮੀ ਖੇਤੀ, ਸੁਹਾਗੇ, ਪੰਜਾਲੀ ਗੱਡਾ ਚੇਪਨਾ ਵਗੈਰਾ, ਗੱਡਾ ਕਿਸਤਰਾਂ ਲਾਣ ਨਾਲ ਲੱਦਣਾ, ਫੁਰਕੜਾ ਕਦ ਮਾਰਨਾ ਨਰਮੇਂ ਵਿਚ, ਡੂੰਘਾ ਹਲ ਕਿਸਤਰਾਂ ਕਰਨਾ ਹੈ ਜੇ ਪੋਰ ਮੁੰਦਿਆਂ ਜਾਵੇ ਤਾਂ ਕੀ ਕਰਨਾ, ਜਾ ਵਾਹੀ ਕਰਦੇ ਹੱਲ ਵਿਚ ਘਾਹ ਫਸ ਜਾਏ, ਕਿਵੇਂ ਪਰਾਣੀ ਨਾਲ ਚਲਦੇ ਹੱਲ ਵਿਚੋਂ ਕੱਢਣਾ ਹੈ । ਮਰਲੀਆਂ ਕਣਕ ਦੀ ਕੇਹੜੀ ਦਿਸ਼ਾ ਵਿਚ ਲਗਾਣੀਆਂ ਹਨ । ਇਕ ਕਿੱਲੇ ਕਿਆਰੇ ਪਾਉਣੇ ਹਨ ਜਾਂ ਬੀਜ ਬਾਰੇ ਪੁੱਛ ਗਿੱਛ ਕਰਨੀ ਕਣਕ ਦੀ ਗਹਾਈ ਕਰਨ ਲੱਗਿਆਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਖਿਆਲ ਰੱਖਣਾ ਹੈ ਜਾਂ ਕਣਕ ਵਿਚ ਕਮਲੀ ਸਰੋਂ ਕਿਸ ਲਈ ਬੀਜਣੀ ਹੈ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਇਸੇ ਤਰ੍ਹਾਂ ਮੇਰਾ ਬਾਪੂ (ਤਾਇਆ) ਕਰਨੈਲ ਸਿੰਘ ਸਿੰਘ ਛਿੱਕਲੇ ਛਿੱਕਲੀਆਂ ਮੰਜੇ ਦੇ ਜੀਅ ਪਾਉਣੇ ਅਤੇ ਮੰਜੇ ਉੱਨਣੇ ਪੈਂਦਾ ਹੀ ਘਰੇ ਹੀ ਵੱਟਣੀਆਂ, ਬੈੜ ਵੱਟਣੇ, ਆਦਿ ਵਿਚ ਪੂਰੇ ਮਾਹਰ ਸਨ । ਬਾਕੀ ਪਹਿਲੇ ਹੀ ਦਿਨ ਸਿਆਣਾ ਵਿਅਕਤੀ ਸੀ । ਜੀਵਨ ਵਿਚ ਖੇਤੀ ਵਿਚ ਕਦੇ ਵੀ ਮਾਰ ਨਹੀਂ ਖਾਧੀ ਸੀ । ਬਾਕੀ ਹਾਲੀ ਬਹੁਤ ਸਿਆਣਾ ਸੀ । ਕਿਲੇ ਦੀ ਰੈਲ ਪੂਰੀ ਸਿੱਧੀ ਛੁੱਕੇ ਵਾਂਗੂੰ ਬਿਨਾਂ ਵੇਖਿਆਂ ਹੀ ਮਾਰ ਦਿੰਦਾ ਸੀ ਅਤੇ ਕਿਆਰੇ ਵੀ ਜਿੰਦਰੇ ਨਾਲ ਬਿਲਕੁਲ ਸਿੱਧੇ ਮਾਰਨ ਵਿਚ ਮਾਹਰ ਗਿਣਿਆ ਜਾਂਦਾ ਸੀ । ਕਹੀ ਚਲਾਉਣ ਦਾ ਮਾਹਰ ਸੀ । ਪੁਰਾਤਨ ਸਮੇਂ ਬਰਾਨੀ ਜ਼ਮੀਨਾਂ ਸਨ, ਕਾਫੀ ਜ਼ਮੀਨ ਖਾਲੀ ਪਈ ਰਹਿੰਦੀ ਸੀ ਕਿਉਂਕਿ ਸਾਰਾ ਉੱਹੜ-ਪੋਹੜ ਮੀਂਹ ਤੇ ਹੀ ਮੁਨੱਸਰ ਹੁੰਦਾ ਸੀ, ਮੀਂਹ ਪੈਣ ਤੇ ਚਾਰ ਦਾਣੇ ਧਰਤੀ 'ਚ ਖਿਲਾਰ ਦਿੱਤੇ ਸਨ । ਰੱਬ ਦੇ ਆਸਰੇ ਖੇਤੀ ਚਲਦੀ ਸੀ । ਪਾਣੀ ਬਹੁਤ ਜ਼ਿਆਦਾ ਕਮੀ ਸੀ ਅਤੇ ਖੂਹ ਲਿਵਾ ਨਹੀਂ ਸਕਦਾ ਸੀ ਅਤੇ ਸਰਦੇ ਪੁੱਜਦੇ ਘਰਾਂ ਦੇ ਹੀ ਪਿੰਡ ਵਿਚ ਖੂਹ ਲੱਗੇ ਹੁੰਦੇ ਸਨ । ਆਮ ਵਿਅਕਤੀ ਦੂਸਰਿਆਂ ਤੋਂ ਮੰਗਕੇ ਪਾਣੀ ਖੂਹ ਲਗਵਾ ਲੈਂਦੇ ਸਨ ਅਤੇ ਬੰਜਰ ਜ਼ਮੀਨ ਆਮ ਸੀ । ਟਿੱਬੇ ਹੇਠਲੇ ਸਰ ਸਰਕੜਾ ਅਤੇ ਜੰਗਲ ਦੇ ਰੂਪ ਵਿਚ ਦਿਖਾਈ ਪੰਜਾਬ ਦੇਂਦਾ ਸੀ ।

ਉਹਨਾਂ ਦਿਨਾਂ ਵਿਚ ਦੇਸੀ ਕਣਕਾਂ ਲੰਮੀਆਂ ਹੁੰਦੀਆਂ ਸਨ ਉਹ ਬੀਜੀਆਂ ਜਾਂਦੀਆਂ ਸਨ ਅਤੇ ਗਵਾਰਾ, ਜਵਾਰ, ਬਾਜਰਾ ਆਮ ਮਾਰੂ ਫਸਲਾਂ ਬੀਜੀਆਂ ਜਾਂਦੀਆਂ ਸਨ । ਜੀਵਨ ਸਖਤ ਹੁੰਦਾ ਸੀ, ਮੱਕੀਆਂ ਕਿਤੇ ਕਿਤੇ ਖੂਹਾਂ ਤੇ ਬੀਜੀਆਂ ਜਾਂਦੀਆਂ ਸਨ । ਕਈ ਵਾਰ ਬਾਪੂ ਕਰਨੈਲ ਸਿੰਘ ਕਿਸਾਨਾਂ ਨੇ ਪੁੱਛਣਾ ਕਿ ਪੂਰੇ ਦਾਣੇ ਉੱਗੇ ਨਹੀਂ, ਅੱਗੋਂ ਬਾਪੂ ਨੇ ਉੱਤਰ ਦੇਣਾ ਕਿ ਬੀਜ ਲੱਗਿਆ ਭਲ ਵੇਖੀ ਕਈਆਂ ਨੇ ਕਹਣਾ ਉਹ ਕੀ ਹੁੰਦੀ ਹੈ । ਫੇਰ ਬਾਪੂ ਨੇ ਖੇਤ ਜਾਕੇ ਸਮਝਾਉਣਾ ਕਿ ਪਰਾਣੀ ਨਾਲ ਸਿਆੜ ਵਿਚ ਭਲ ਦਾ ਪਤਾ ਕਰਨਾ ਅਤੇ ਜੇ ਦਾਣਾ ਗਿੱਲ ਵਿਚ ਡਿੱਗ ਪਿਆ ਤਾਂ ਉੱਗ ਪਿਆ ਨਹੀਂ ਤਾਂ ਸੁੱਕੇ ਡਿੱਗ ਪੈਂਦੀ ਹੈ । ਜੇ ਗਿੱਲ ਠੀਕ ਹੈ ਤਾਂ ਸਭ ਦਾਣੇ ਉੱਗ ਪੈਣਗੇ । ਇਸ ਲਈ ਭਲ ਨੂੰ ਚੈੱਕ ਕਰਕੇ ਹੀ ਪੁਰਾਤਨ ਜ਼ਮਾਨੇ ਵਿਚ ਫਸਲ ਬੀਜੀ ਜਾਂਦੀ ਸੀ ।



# ਚੁਣੌਤੀਆਂ ਦੇ ਸਫਰ ਦੀ ਮਿਸਾਲ ਹੈ ਪਰਿੰਦਿਆਂ ਦਾ ਪ੍ਰਵਾਸ

ਭੁਪਿੰਦਰਵੀਰ ਸਿੰਘ
ਮੋਬਾਈਲ : 99149-57073

ਪ੍ਰਵਾਸ ਇਕ ਅਜਿਹਾ ਲੰਬਾ ਸਫਰ ਹੈ ਜੋ ਸਜੀਵ ਪ੍ਰਾਣੀਆਂ ਵਲੋਂ ਆਪਣੇ ਜੀਵਨ ਦੀ ਚਾਲ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੁੰਦਾ ਹੈ । ਸਮਾਂ, ਹਾਲਾਤ ਜਾਂ ਵਾਤਾਵਰਨ ਕਦੀ ਕਦਾਈਂ ਅਜਿਹਾ ਉਲਟ ਮਾਹੌਲ ਪੈਦਾ ਕਰ ਦਿੰਦੇ ਹਨ, ਜਿਸ ਕਾਰਨ ਜਾਨਵਰਾਂ, ਪਸ਼ੂ-ਪੰਛੀਆਂ ਅਤੇ ਮਨੁੱਖ ਨੂੰ ਦਾਣਿਆਂ ਦੀ ਭਾਲ ਜਾਂ ਜੀਵਨ ਨੂੰ ਹੋਰ ਕਰੋਪੀਆਂ ਤੋਂ ਬਚਾਉਣ ਲਈ ਇਕ ਥਾਂ ਤੋਂ ਦੂਸਰੀ ਥਾਂ ਵੱਲ ਜਾਣਾ ਪੈਂਦਾ ਹੈ । ਪ੍ਰਵਾਸ ਭਾਵ ਮਾਈਗ੍ਰੇਸ਼ਨ ਸ਼ਬਦ ਲਾਤੀਨੀ ਭਾਸ਼ਾ ਤੋਂ ਆਇਆ ਹੈ । ਪੰਛੀਆਂ ਵਿਚ ਇਹ ਦੋ ਤਰਫੀ ਪ੍ਰਕਿਰਿਆ ਹੁੰਦੀ ਹੈ ਜੋ ਕਿ ਆਪਣੇ ਨਿੱਜ ਘਰ ਤੋਂ ਦੂਸਰੀ ਥਾਂ ਕਿਸੇ ਉਦੇਸ਼ ਪੂਰਤੀ ਲਈ ਜਾਣਾ ਤੇ ਫਿਰ ਸਮਾਂ ਪਾ ਕੇ ਆਪਣੇ ਟਿਕਾਣੇ 'ਤੇ ਵਾਪਸ ਆ ਜਾਣਾ । ਅੱਜ ਗੱਲ ਕਰ ਰਹੇ ਹਾਂ, ਪੰਛੀਆਂ ਦੇ ਪ੍ਰਵਾਸ ਦੀ ਜੋ ਸਾਡੇ ਦੇਸ਼ ਵਿਚ ਦੂਜੇ ਦੇਸ਼ਾਂ ਤੋਂ ਆਉਂਦੇ ਹਨ । ਦੂਸਰੇ ਦੇਸ਼ਾਂ ਵਿਚ ਜਦੋਂ ਸੀਤ ਹਵਾਵਾਂ ਚਲਦੀਆਂ ਹਨ, ਮੌਸਮ ਬਹੁਤ ਜ਼ਿਆਦਾ ਠੰਢਾ ਅਤੇ ਚੁਣੌਤੀ ਭਰਪੂਰ ਹੋ ਜਾਂਦਾ ਹੈ ਤਾਂ ਬਹੁਤ ਸਾਰੇ ਪੰਛੀਆਂ ਦੀਆਂ ਕਈ ਅਜਿਹੀਆਂ ਪ੍ਰਜਾਤੀਆਂ ਹਨ ਜਿਨ੍ਹਾਂ ਦੇ ਜੀਵਨ ਅਤੇ ਪ੍ਰਜਨਣ ਦੇ ਅਨੁਕੂਲ ਮੌਸਮ ਨਾ ਰਹਿ ਕੇ ਉਨ੍ਹਾਂ ਲਈ ਦੁਸ਼ਵਾਰ ਹੋ ਜਾਂਦਾ ਹੈ ਤਾਂ ਅਜਿਹੇ ਹਾਲਾਤ 'ਚ ਪੰਛੀਆਂ ਨੂੰ ਮਜਬੂਰਨ ਹਜ਼ਾਰਾਂ ਕਿਲੋਮੀਟਰ ਦਾ ਸੰਘਰਸ਼ਪੂਰਨ ਸਫਰ ਤੈਅ ਕਰ ਕੇ ਦੂਸਰੇ ਦੇਸ਼ਾਂ ਵੱਲ ਨੂੰ ਉਡਾਰੀ ਮਾਰਨੀ ਪੈਂਦੀ ਹੈ । ਪੰਛੀ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਪ੍ਰਵਾਸੀ ਪੰਛੀ ਅਤੇ ਦੂਜੇ ਪੱਕੇ ਵਸਨੀਕ ਜੋ ਕਿ ਆਪਣੇ ਆਪ ਨੂੰ ਹਰ ਮੌਸਮ ਵਿਚ ਜਿਉਂਦਾ ਰੱਖਣ ਲਈ ਯਤਨਸ਼ੀਲ ਹੁੰਦੇ ਹਨ । ਪ੍ਰਵਾਸ ਕਈ ਪ੍ਰਕਾਸ ਦਾ ਹੁੰਦਾ ਹੈ ਜਿਵੇਂ ਕਿ ਵਰਟੀਕਲ ਪ੍ਰਵਾਸ । ਇਹ ਉਹ ਪੰਛੀ ਕਰਦੇ ਹਨ ਜੋ ਕਿ ਬਹੁਤ ਹੀ ਉੱਚੀਆਂ ਚੋਟੀਆਂ 'ਤੇ ਰਹਿੰਦੇ ਹਨ । ਜਦੋਂ ਹੱਦੋਂ ਬੇਹੱਦ ਜ਼ਿਆਦਾ ਠੰਢਾ ਮੌਸਮ ਹੁੰਦਾ ਹੈ ਤਾਂ ਇਹ ਪੰਛੀ ਉੱਪਰੋਂ ਧਰਾਤਲ ਵੱਲ ਆ ਜਾਂਦੇ ਹਨ । ਇਹ ਘੱਟ ਦੂਰੀ ਦਾ ਪ੍ਰਵਾਸ ਹੁੰਦਾ ਹੈ । ਦੂਜਾ ਪ੍ਰਵਾਸ ਦਿਸ਼ਾਵਾਂ ਵੱਲ ਹੁੰਦਾ ਹੈ ਜੋ ਕਿ ਲੰਬਾ ਸਫਰ ਹੁੰਦਾ ਹੈ । ਇਹ ਪੂਰਬ ਤੋਂ ਪੱਛਮ ਜਾਂ ਪੱਛਮ ਤੋਂ ਪੂਰਵ ਵੱਲ ਨੂੰ ਹੁੰਦਾ ਹੈ ਜਿਸ ਨੂੰ ਲੋਂਗੀਟਿਊਟਨਲ ਪ੍ਰਵਾਸ ਵੀ ਕਿਹਾ ਜਾ ਸਕਦਾ ਹੈ । ਕਈ ਪੰਛੀਆਂ ਦਾ ਪ੍ਰਵਾਸ ਉੱਤਰ ਤੋਂ ਦੱਖਣ ਜਾਂ ਦੱਖਣ ਤੋਂ ਉੱਤਰ ਵੱਲ ਹੁੰਦਾ ਹੈ । ਇਸ ਨੂੰ ਲੈਟੀਟਿਊਟਨਲ ਪ੍ਰਵਾਸ ਵੀ ਕਹਿ ਸਕਦੇ ਹਾਂ । ਅਜਿਹਾ ਪ੍ਰਵਾਸ ਮੌਸਮੀ ਹੀ ਹੁੰਦਾ ਹੈ ਜੋ ਕਿ ਠੰਢ-ਗਰਮੀ ਦੇ ਨਿਰਧਾਰਤ ਹੁੰਦਾ ਹੈ । ਦਹਾਕਿਆਂ ਦੀਆਂ ਖੋਜਾਂ ਦੇ ਮਾਹਿਰਾਂ ਨੇ ਇਨ੍ਹਾਂ ਪਰਿੰਦਿਆਂ ਦੇ ਪ੍ਰਵਾਸ ਲਈ ਵਰਤੇ ਜਾਂਦੇ ਰਸਤਿਆਂ ਬਾਰੇ ਪਤਾ ਲਾਇਆ ਹੈ । ਤਕਰੀਬਨ ਅੱਠ ਤੋਂ ਦਸ ਰਸਤੇ ਅਜਿਹੇ ਪਾਏ ਗਏ ਜਿਨ੍ਹਾਂ ਰਾਹੀਂ ਪ੍ਰਵਾਸੀ ਪੰਛੀ ਬਹੁਤਾ ਕਰਕੇ ਹਿਜਰਤ ਕਰਦੇ ਹਨ, ਇਨ੍ਹਾਂ ਨੂੰ 'ਇੰਟਰਨੈਸ਼ਨਲ ਉੱਡਣ ਰਸਤੇ' ਵੀ ਕਿਹਾ ਜਾਂਦਾ ਹੈ । ਹਿਜਰਤ ਕਰਕੇ ਆਉਣ ਵਾਲੇ ਸਾਡੇ ਦੇਸ਼ ਵਿਚ ਕੂੰਜ ਨਾਅ ਦਾ ਬਹੁਤ ਮਸ਼ਹੂਰ ਪ੍ਰਵਾਸੀ ਪਰਿੰਦਾ ਹੈ । ਇਹ ਅੰਗਰੇਜ਼ੀ ਦੇ ਅੱਖਰ 'ਵੀ' ਆਕਾਰ ਵਿਚ ਉਡਦੇ ਦੇਖੇ ਜਾ ਸਕਦੇ ਹਨ । ਇਸਦਾ ਜਿਕਰ ਗੀਤਾ ਅਤੇ ਕਵਿਤਾਵਾਂ ਵਿਚ ਵੀ ਮਿਲਦਾ ਹੈ । ਗੁਰਬਾਣੀ ਵੀ ਇਨ੍ਹਾਂ ਪੰਛੀਆਂ ਦੇ ਪ੍ਰਵਾਸ ਦੌਰਾਨ ਉਨ੍ਹਾਂ ਦੇ ਬੱਚਿਆਂ ਨੂੰ ਭੋਜਨ ਪ੍ਰਾਪਤੀ ਅਤੇ ਜੀਵਨ ਜਿਊਣ ਦੀ ਊਰਜਾ ਦਾ ਵਰਨਣ ਕਰਦੀ ਹੈ ।

ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ ॥


ਪ੍ਰਵਾਸੀ ਪੰਛੀ ਲਗਭਗ ਸੱਤ-ਅੱਠ ਹਜ਼ਾਰ ਕਿਲੋਮੀਟਰ ਤੋਂ ਵੀ ਲੰਬਾ ਸਫਰ ਤੈਅ ਕਰਦੇ ਹਨ । ਹੁਣ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਪੰਛੀ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਿਵੇਂ ਕਰਦੇ ਹਨ, ਕਿਹੜੀਆਂ ਹਾਲਤਾਂ ਹਨ, ਜੋ ਇਨ੍ਹਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ । ਸਾਇੰਸਦਾਨ ਮੰਨਦੇ ਹਨ ਕਿ ਦਿਨ ਵੇਲੇ ਇਹ ਪੰਛੀ ਸੂਰਜ ਨੂੰ ਕੰਪਾਸ ਦੀ ਤਰ੍ਹਾਂ ਵਰਤ ਕੇ ਦਿਸ਼ਾਵਾਂ ਦਾ ਗਿਆਨ ਲੈਂਦੇ ਹਨ ਅਤੇ ਰਾਤ ਸਮੇਂ ਇਹ ਪੰਛੀ ਧਰਤੀ ਦੀ ਚੁੰਬਕੀ ਸ਼ਕਤੀ ਅਤੇ ਤਾਰਿਆਂ ਦਾ ਸਹਾਰਾ ਲੈ ਕੇ ਸਹੀ ਰਸਤੇ ਨੂੰ ਚੁਣਦੇ ਹਨ । ਇਸ ਤੋਂ ਇਲਾਵਾ ਅਜਿਹੇ ਪੰਛੀਆਂ ਨੂੰ ਕੁਦਰਤ ਵਲੋਂ ਅੰਦਰੂਨੀ ਯੋਗਦਾ ਵੀ ਬਖਸ਼ੀ ਗਈ ਹੈ ਜੋ ਇਨ੍ਹਾਂ ਨੂੰ ਹਿਜਰਤ ਕਰਨ ਵਿਚ ਸਹਾਇਕ ਹੁੰਦੀ ਹੈ । ਹਰ ਵਾਰ ਅਜਿਹਾ ਵੀ ਨਹੀਂ ਹੁੰਦਾ ਕਿ ਨਵੇਂ ਪਰਿੰਦੇ ਪੁਰਾਣੇ ਤਜਰਬੇਕਾਰ ਪਰਿੰਦਿਆਂ ਨਾਲ ਹੀ ਪ੍ਰਵਾਸ ਕਰਨਗੇ। ਜਦੋਂ ਨਵੇਂ ਪਰਿੰਦੇ ਆਪਣਾ ਪਹਿਲਾ ਪ੍ਰਵਾਸ ਕਰਦੇ ਹਨ ਤਾਂ ਵੀ ਉਹ ਬਿਲਕੁਲ ਸਹੀ ਦਿਸ਼ਾ ਅਤੇ ਸਹੀ ਟਿਕਾਣੇ 'ਤੇ ਪੁੱਜਦੇ ਹਨ । ਇਹ ਗੁਣ ਇਨ੍ਹਾਂ ਨੂੰ ਕੁਦਰਤ ਵਲੋਂ ਬਖਸ਼ੇ ਗਏ ਹਨ ।

ਭਾਰਤ ਵਿਚ ਵੀ ਇਹ ਪਰਿੰਦੇ ਬਹੁਤ ਥਾਵਾਂ 'ਤੇ ਆ ਕੇ ਪ੍ਰਜਨਣ ਅਤੇਆਰਾਮ ਕਰਦੇ ਹਨ । ਅਜਿਹੀਆਂ ਥਾਵਾਂ ਨੂੰ ਵੈੱਟਲੈਂਡ ਕਿਹਾ ਜਾਂਦਾ ਹੈ । ਯੂਨੈਸਕੋ ਵਲੋਂ ਵੀ ਇਨ੍ਹਾਂ ਪ੍ਰਜਾਤੀਆਂ ਨੂੰ ਲੁਪਤ ਹੋਣ ਤੋਂ ਬਚਾਉਣ ਲਈ ਵੈੱਟਲੈਂਡਜ਼ ਨੂੰ ਬਚਾਉਣ ਲਈ ਈਰਾਨ ਦੇ ਸ਼ਹਿਰ ਰਾਮਸਰ ਵਿਖੇ 2 ਫਰਵਰੀ 1971 ਵਿਚ ਹੋਰ ਦੇਸ਼ਾਂ ਨਾਲ ਮਿਲ ਕੇ ਇਕ ਸੰਧੀ ਕੀਤੀ ਗਈ ਸੀ ਜਿਸ ਨੂੰ ਰਾਮਸਰ ਕਨਵੈਨਸ਼ਨ ਕਿਹਾ ਜਾਂਦਾ ਹੈ । ਭਾਰਤ ਵਿਚ ਮੌਜੂਦਾ ਸਮੇਂ ਵਿਚ ਲੱਗਭਗ 75 ਰਾਮਸਰ ਸਾਈਟਜ਼ ਹਨ । ਜੇ ਪੰਜਾਬ ਦੇ ਵੈੱਟਲੈਂਡਜ਼ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚ ਛੇ ਅਜਿਹੇ ਖੇਤਰ ਹਨ । ਜਿਹੜੇ ਰੋਪੜ, ਹਰੀਕੇ, ਕਾਂਝਲੀ, ਬਿਆਸ, ਨੰਗਲ ਅਤੇ ਕੇਸ਼ੋਪੁਰ-ਮਿਆਣੀ ਦੇ ਖੇਤਰ ਹਨ । ਕੁਝ ਹਰੀਕੇ ਝੀਲ 'ਤੇ ਅਜਿਹੇ ਪੰਛੀਆਂ ਦੀ ਆਮਦ ਹੋ ਚੁੱਕੀ ਹੈ ਜੋ ਕਿ ਰੂਸ, ਸਾਈਬੇਰੀਆ, ਮੰਗੋਲੀਆ ਅਤੇ ਹੋਰ ਵੱਖ-ਵੱਖ ਦੇਸ਼ਾਂ ਤੋਂ ਆਉਂਦੇ ਹਨ, ਜਿਨ੍ਹਾਂ ਦੇਸ਼ਾਂ ਵਿਚ ਝੀਲਾਂ ਵਿਚ ਬਰਫ ਜੰਮਣ ਕਾਰਨ ਭੋਜਨ, ਰਹਿਣਾ, ਪ੍ਰਜਨਣ ਹੋਰ ਕਿਰਿਆਵਾਂ ਸੰਭਵ ਨਹੀਂ ਹੋ ਸਕਦੀਆਂ । ਉਂਝ ਤਾਂ ਭਾਰਤ ਵਿਚ ਬਹੁਤ ਪ੍ਰਜਾਤੀਆਂ ਦੇ ਪਰਿੰਦੇ ਪ੍ਰਦੇਸ਼ਾਂ ਤੋਂ ਹਿਜਰਤ ਕਰ ਕੇ ਆਉਂਦੇ ਹਨ ਜੋ ਕਿ ਹਰ ਸਾਲ ਆਉਂਦੇ ਹਨ । ਭਾਰਤ ਤੋਂ ਬਿਨਾਂ ਇਹ ਪੰਛੀ ਪਾਕਿਸਤਾਨ ਤੇ ਹੋਰ ਮੁਲਕਾਂ 'ਚ ਆਪਣਾ ਸਫਰ ਪੂਰਾ ਕਰਦੇ ਹਨ । ਜੇ ਹਰੀਕੇ ਝੀਲ ਦੀ ਗੱਲ ਕੀਤੀ ਜਾਵੇ ਤਾਂ ਤਕਰੀਬਨ 40,000 ਤੋਂ ਜ਼ਿਆਦਾ ਪੰਛੀਆਂ ਦੀ ਆਮਦ ਇਸ ਸਥਾਨ 'ਤੇ ਹੁੰਦਾ ਹੈ । ਸੈਲਾਨੀ ਦੂਰ-ਦੁਰਾਡੇ ਤੋਂ ਆ ਕੇ ਇਨ੍ਹਾਂ ਦੀ ਮਨੋਹਕ ਚਹਿਲ-ਪਹਿਲ ਤੇ ਅਦਭੁੱਤ ਨਜ਼ਾਰੇ ਦਾ ਅਨੰਦ ਮਾਣਦੇ ਹਨ । ਇਹ ਪਰਿੰਦੇ ਪ੍ਰਵਾਸ ਕਰਨ ਤੋਂ ਪਹਿਲਾਂ ਆਪਣੇ ਸਰੀਰ ਵਿਚ ਆਪਣੇ ਲੰਬੇ ਸਫਰ ਲਈ ਫੈਟ ਜਮ੍ਹਾ ਕਰ ਲੈਂਦੇ ਹਨ ਜੋ ਕਿ ਸਫਰ ਦੌਰਾਨ ਉੱਡਣ ਲਈ ਊਰਜਾ ਪੈਦਾ ਕਰਨ ਦੇ ਕੰਮ ਆਉਂਦੀ ਹੈ ।

ਬਹੁਤੇ ਪ੍ਰਵਾਸੀ ਪੰਛੀ 30,000 ਫੁੱਟ ਤੋਂ ਜ਼ਿਆਦਾ ਉੱਚਾਈ 'ਤੇ ਹੀ ਉੱਡਦੇ ਹਨ । ਅੰਗਰੇਜ਼ੀ ਦੇ 'ਵੀ' ਆਕਾਰ ਦੀ ਆਕ੍ਰਿਤੀ ਵਿਚ ਉੱਡਣ ਨਾਲ ਇਨ੍ਹਾਂ ਨੂੰ ਇਕ ਦੂਜੇ ਦੁਆਰਾ ਵਰਤੀ ਜਾਂਦੀ ਹਵਾ ਨਾਲ ਮਦਦ ਮਿਲਦੀ ਹੈ ਜਿਸ ਸਦਕਾ ਇਨ੍ਹਾਂ ਪਰਿੰਦਿਆਂ ਦੀ ਕਾਫੀ ਊਰਜਾ ਬਚ ਜਾਂਦੀ ਹੈ । ਇਸ ਤਰ੍ਹਾਂ ਸਾਰੇ ਪੰਛੀ ਵਾਰੀ ਵਾਰੀ ਲੀਡਰ ਬਣ ਕੇ ਬਾਕੀਆਂ ਨੂੰ ਊਰਜਾ ਬਚਾਉਣ ਲਈ 'ਵੀ' ਆਕਾਰ ਦੇ ਵਿਚ ਉੱਡਣ ਵਿਚ ਸਹਿਯੋਗ ਕਰਦੇ ਹਨ । ਕਈ ਹੋਰ ਦੇਸ਼ਾਂ ਵਿਚਲੇ ਪ੍ਰਵਾਸੀ ਪੰਛੀ ਜਦੋਂ ਆਪਣੀ ਮੰਜ਼ਿਲ 'ਤੇ ਪੁੱਜਦੇ ਹਨ ਤਾਂ ਇਹ ਹਜ਼ਾਰਾਂ ਦੀ ਗਿਣਤੀ ਵਿਚ ਅਸਮਾਨ ਵਿਚ ਝੁੰਡਾਂ ਦੇ ਰੂਪ ਵਿਚ ਨ੍ਰਿਤ ਕਰਦੇ ਦਿਖਾਈ ਦਿੰਦੇ ਹਨ । ਇਹ ਵੱਖ-ਵੱਖ ਆਕ੍ਰਿਤੀਆਂ ਬਣਾਉਂਦੇ ਹਨ ਜਿਸ ਦਾ ਨਜ਼ਾਰਾ ਦੇਖਣ ਵਿਚ ਬਹੁਤ ਮਨੋਮੋਹਕ ਲਗਦਾ ਹੈ । ਇਹ ਅਜਿਹਾ ਕਿਉਂ ਤੇ ਕਿਵੇਂ ਕਰਦੇ ਹਨ, ਇਹ ਸ਼ਿਕਾਰ ਤੋਂ ਬਚਣ ਲਈ ਅਜਿਹਾ ਕਰਦੇ ਹਨ । ਸਾਇੰਸ ਮੰਨਦੀ ਹੈ ਕਿ ਅਜਿਹੇ ਵਿਹਾਰ ਪਿੱਛੇ ਵਿਗਿਆਨਕ ਤੇ ਕੁਦਰਤੀ ਕਾਰਨ ਹਨ । ਭੌਤਿਕ ਵਿਗਿਆਨ ਇਹ ਕਹਿੰਦਾ ਹੈ ਕਿ ਇਨ੍ਹਾਂ ਪੰਛੀਆਂ ਦੀ ਗਤੀਵਿਧੀ ਐਕਟਿਵ ਮੈਟਰ ਦੀ ਤਰ੍ਹਾਂ ਹੁੰਦੀ ਹੈ ਜਿਸ ਵਿਚ ਜ਼ਿਆਦਾ ਗਿਣਤੀ ਵਿਚ ਏਜੰਟ ਹੁੰਦੇ ਹਨ । ਹਰ ਇਕ ਕਣ ਦੂਜੇ ਕਣ ਨੂੰ ਮਹਿਸੂਸ ਕਰ ਇੱਕੋ ਜਿਹਾ ਹੀ ਵਿਹਾਰ ਕਰਦੇ ਹਨ । ਅਜਿਹੀਆਂ ਗਤੀਵਿਧੀਆਂ ਤੇ ਕਲਾ ਮੱਛੀਆਂ, ਕੀੜੀਆਂ ਤੇ ਬੈਕਟੀਰੀਆ ਵਿਚ ਵੀ ਹੁੰਦੀਆਂ ਹਨ, ਜਿਸ ਸਦਕਾ ਹੀ ਉਨ੍ਹਾਂ ਨੂੰ ਦਿਸ਼ਾ ਚੁਣਨ ਤੇ ਗਤੀਵਿਧੀ ਕਰਨ ਦੇ ਸੰਕੇਤ ਇਕ ਦੂਜੇ ਤੋਂ ਹੀ ਮਿਲਦੇ ਹਨ । ਇਨ੍ਹਾਂ ਤੋਂ ਬਿਨਾਂ ਹੋਰ ਵੀ ਸੈਂਕੜੇ ਰਹੱਸ ਇਨ੍ਹਾਂ ਪ੍ਰਵਾਸੀ ਪੰਛੀਆਂ ਦੇ ਅਜੇ ਉਜਾਗਰ ਨਹੀਂ ਹੋਏ, ਜਿਨ੍ਹਾਂ ਨੂੰ ਸਾਇੰਸ ਅਜੇ ਖੋਜ ਰਹੀ ਹੈ । ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪੰਛੀਆਂ ਦੀਆਂ ਲੁਪਤ ਹੋ ਰਹੀਆਂ ਪ੍ਰਜਾਤੀਆਂ ਦੇ ਕਾਰਨਾਂ ਨੂੰ ਪਛਾਣ ਕੇ ਉਨ੍ਹਾਂ ਦੀਆਂ ਨਸਲਾਂ ਨੂੰ ਬਚਾ ਸਕੀਏ ਅਤੇ ਸਾਡੇ ਦੇਸ਼ ਵਿਚ ਹਰ ਸਾਲ ਆਉਂਦੇ ਮਹਿਮਾਨ ਪਰਿੰਦਿਆਂ ਦੀ ਸੁਰੱਖਿਆ ਨੂੰ ਲੈ ਕੇ ਵਣ ਵਿਭਾਗ ਨੂੰ ਪੂਰੀ ਤਰ੍ਹਾਂ ਮੁਸਤੈਦ ਰਹਿਣਾ ਪਵੇਗਾ ਅਤੇ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਨ੍ਹਾਂ ਪੰਛੀਆਂ ਦੀ ਸੁਰੱਖਿਆ ਅਤੇ ਹੋਰ ਵਸੀਲਿਆਂ ਨੂੰ ਯਕੀਨੀ ਬਣਾ ਕੇ ਰੱਖਣਾ ਪਵੇਗਾ ਤਾਂ ਜੋ ਇਨ੍ਹਾਂ ਮਹਿਮਾਨਾਂ ਨੂੰ ਸਾਡੇ ਦੇਸ਼ ਆਉਣ ਤੋਂ ਅਸੁਰੱਖਿਅਤਾ ਨਾ ਮਹਿਸੂਸ ਹੋਵੇ ।



# ਵਾਤਾਵਰਨ ਸੰਤੁਲਨ ਅਤੇ ਸਰਕਾਰੀ ਸਰਪ੍ਰਸਤੀ



ਡਾ. ਸ. ਸ. ਛੀਨਾ

ਦੁਨੀਆਂ ਭਰ ਵਿਚ ਵਧ ਰਿਹਾ ਤਾਪਮਾਨ ਅਤੇ ਜਲਵਾਯੂ ਦੀ ਤਬਦੀਲੀ ਚਿੰਤਾ ਦਾ ਵਿਸ਼ਾ ਹੈ ਜਿਸ ਕਰ ਕੇ ਯੂ ਐੱਨ ਓ ਵਰਗੀ ਸੰਸਥਾ ਨੇ ਜਲਵਾਯੂ ਦੀ ਤਬਦੀਲੀ ਸਬੰਧੀ ਸਮੇਂ ਸਮੇਂ ਵਿਚਾਰ ਅਤੇ ਯੋਗ ਉਪਾਅ ਕਰਨ ਲਈ ਸਥਾਈ ਕਮੇਟੀ ਬਣਾ ਦਿੱਤੀ ਹੈ। ਉਂਝ ਭਾਰਤ ਇਸ ਸਬੰਧੀ ਜ਼ਿਆਦਾ ਚਿੰਤਤ ਹੈ। ਇਸ ਦੀ ਖਾਸ ਵਜ੍ਹਾ ਹੈ। ਭਾਰਤ ਭਾਵੇਂ ਚੀਨ ਨੂੰ ਪਿੱਛੇ ਛੱਡ ਕੇ 2023 ਵਿਚ ਦੁਨੀਆਂ ਵਿਚ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਬਣ ਗਿਆ ਹੈ ਪਰ ਭਾਰਤ ਪਹਿਲਾਂ ਹੀ ਵਸੋਂ ਦੇ ਭਾਰ ਥੱਲੇ ਸੀ। ਚੀਨ ਦੀ ਆਬਾਦੀ ਭਾਵੇਂ ਭਾਰਤ ਦੀ ਆਬਾਦੀ ਤੋਂ ਜ਼ਿਆਦਾ ਸੀ ਪਰ ਚੀਨ ਦਾ ਖੇਤਰ ਭਾਰਤ ਦੇ ਖੇਤਰ ਤੋਂ 4 ਗੁਣਾਂ ਤੋਂ ਵੀ ਜ਼ਿਆਦਾ ਸੀ। ਹੁਣ ਭਾਰਤ ਦਾ ਖੇਤਰ ਦੁਨੀਆਂ ਦੇ ਖੇਤਰ ਦਾ ਸਿਰਫ 2 ਫੀਸਦੀ ਹੈ ਅਤੇ ਵਸੋਂ ਦੁਨੀਆਂ ਦੀ ਕੁੱਲ ਵਸੋਂ ਦਾ 17.6 ਫੀਸਦੀ ਹੈ। ਵਸੋਂ ਦੇਸ਼ ਦੇ ਸਾਧਨਾਂ 'ਤੇ ਵੱਡਾ ਭਾਰ ਹੈ ਅਤੇ ਭਾਰਤ ਦੇ ਵਾਤਾਵਰਨ ਵਿਚ ਆਈ ਖਰਾਬੀ ਦਾ ਮੁੱਖ ਕਾਰਨ ਭਾਰਤ ਦੀ ਵਸੋਂ ਦਾ ਭਾਰ ਹੈ।1967 ਤੋਂ ਪਹਿਲਾਂ ਪਹਿਲਾਂ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਖੁਰਾਕ ਲੋਕਾਂ ਵਿਚ ਆਤਮ-ਨਿਰਭਰ ਨਹੀਂ ਸੀ। ਫਿਰ ਇਸ ਨੇ ਰਸਾਇਣਾਂ ਦੀ ਮਦਦ ਨਾਲ ਅਨਾਜ ਪੂਰਤੀ ਕੀਤੀ ਸੀ।

1960 ਤੋਂ ਪਹਿਲਾਂ ਭਾਰਤ ਦੀ ਜ਼ਿਆਦਾਤਰ ਖੇਤੀ ਕੁਦਰਤੀ ਸੀ ਜਾਂ ਜੈਵਿਕ। ਉਨ੍ਹੀਂ ਦਿਨੀਂ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਨੂੰ ਉਪਜ ਵਧਾਉਣ ਲਈ ਰਸਾਇਣਕ ਖਾਦਾਂ ਬਾਰੇ ਪ੍ਰਚਾਰ ਕਰਨਾ ਪੈਂਦਾ ਸੀ ਕਿਉਂ ਜੋ ਲੋਕ ਇਨ੍ਹਾਂ ਦੀ ਵਰਤੋਂ ਨਹੀਂ ਸਨ ਕਰਦੇ ਪਰ 1967 ਤੋਂ ਬਾਅਦ ਲਗਾਤਾਰ ਰਸਾਇਣਕ ਖਾਦਾਂ, ਕੀੜੇਮਾਰ ਅਤੇ ਨਦੀਨ-ਨਾਸ਼ਕਾਂ ਦੀ ਵਰਤੋਂ ਸ਼ੁਰੂ ਹੋਈ ਤੇ ਫਿਰ ਦਿਨ-ਬ-ਦਿਨ ਵਧਦੀ ਗਈ। ਇਨ੍ਹਾਂ ਰਸਾਇਣਾਂ ਦੇ ਠੀਕ ਸਿੱਟੇ ਉਨ੍ਹਾਂ ਜਗ੍ਹਾ 'ਤੇ ਹੀ ਮਿਲ ਸਕਦੇ ਹਨ ਜਿੱਥੇ ਪਾਣੀ ਜਾਂ ਸਿੰਚਾਈ ਦੀ ਬਹੁਤਾਤ ਹੋਵੇ; ਪਾਣੀ ਤੋਂ ਬਗੈਰ ਇਹ ਰਸਾਇਣ ਪਾਏ ਨਹੀਂ ਜਾ ਸਕਦੇ। ਪੰਜਾਬ ਵਿਚ ਪਾਣੀ ਦੇ ਵੱਡੇ ਭੰਡਾਰ ਸਨ। ਇਕ ਤਾਂ ਨਦੀਆਂ ਤੇ ਦਰਿਆ ਸਨ; ਦੂਜੇ, ਕਈ ਥਾਈਂ ਜ਼ਮੀਨ ਹੇਠਾਂ ਪਾਣੀ ਸਿਰਫ 8/10 ਫੁੱਟ ਦੀ ਡੂੰਘਾਈ 'ਤੇ ਮਿਲ ਜਾਂਦਾ ਸੀ। ਟਿਊਬਵੈੱਲ ਲਾਉਣ ਅਤੇ ਚਲਾਉਣ ਦੀ ਲਾਗਤ ਘੱਟ ਸੀ। ਜਿਵੇਂ ਜਿਵੇਂ ਪੰਜਾਬ ਵਿਚ ਬਿਜਲੀਕਰਨ ਹੁੰਦਾ ਗਿਆ, ਟਿਊਬਵੈੱਲਾਂ ਦੀ ਗਿਣਤੀ ਵਧਦੀ ਗਈ। 1960 ਵਿਚ ਜਿੱਥੇ ਸਾਰੇ ਪੰਜਾਬ ਵਿਚ ਸਿਰਫ 5000 ਟਿਊਬਵੈੱਲ ਸਨ, ਇਸ ਵਕਤ 14 ਲੱਖ ਤੋਂ ਉੱਪਰ ਹੋ ਗਏ ਹਨ।

ਪਾਣੀ ਬਾਰੇ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਸਾਲਾਨਾ ਖੇਤੀ, ਉਦਯੋਗਾਂ ਅਤੇ ਘਰਾਂ ਲਈ 66 ਬੀ ਸੀ ਐੱਮ (ਅਰਬ ਕਿਊਬਿਕ ਮੀਟਰ) ਪਾਣੀ ਦੀ ਲੋੜ ਹੈ। ਦਰਿਆਵਾਂ, ਮੀਂਹ ਅਤੇ ਹੋਰ ਸਾਧਨਾਂ ਤੋਂ ਧਰਤੀ ਉੱਪਰ ਮਿਲਣ ਵਾਲਾ ਪਾਣੀ 56 ਬੀ ਸੀ ਐੱਮ ਹੈ; 10 ਬੀ ਸੀ ਐੱਮ ਪਾਣੀ ਧਰਤੀ ਹੇਠੋਂ ਕੱਢਣਾ ਪੈਂਦਾ ਹੈ। ਖੇਤੀ ਦੇ ਪ੍ਰਚਲਿਤ ਮਾਡਲ ਅਨੁਸਾਰ, ਹਰ ਸਾਲ ਰਸਾਇਣਾ ਦੀ ਵਰਤੋਂ ਵਧਾਉਣੀ ਜ਼ਰੂਰੀ ਹੈ ਕਿਉਂ ਜੋ ਖੇਤੀ 'ਤੇ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ। ਇਸ ਦਾ ਅਰਥ ਹੈ-ਜੇ ਖਾਦ ਦੀ ਪਹਿਲੀ ਬੋਰੀ ਨਾਲ 10 ਕੁਇੰਟਲ ਉਪਜ ਵਧੀ ਹੈ ਤਾਂ ਦੂਸਰੀ ਨਾਲ 9 ਵਧੇਗੀ; ਇਸ ਤੋਂ ਬਾਅਦ ਹਰ ਬੋਰੀ ਨਾਲ ਉਪਜ ਲਗਾਤਾਰ ਘਟਦੀ ਜਾਵੇਗੀ। ਇਕ ਪਾਸੇ ਰਸਾਇਣਕ ਪਦਾਰਥਾਂ ਦੀ ਵਧਦੀ ਮਾਤਰਾ ਅਤੇ ਦੂਜੇ ਪਾਸੇ ਉਨ੍ਹਾਂ ਪਦਾਰਥਾਂ ਨੂੰ ਘੋਲਣ ਲਈ ਵਧਦੀ ਹੋਈ ਪਾਣੀ ਦੀ ਮਾਤਰਾ ਨੇ ਵਾਤਾਵਰਨ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ। ਇਉਂ ਇਕ-ਦੋ ਅਤੇ ਅੱਠ-ਨੌਂ ਬੋਰੀਆਂ ਤੇ ਵਧਦੀ ਮਾਤਰਾ ਦਾ ਅੰਤ ਕਿੱਥੇ ਹੋਵੇਗਾ? ਇਹ ਜ਼ਹਿਰੀਲੇ ਰਸਾਇਣ ਪਾਣੀ, ਧਰਤੀ ਅਤੇ ਹਵਾ ਵਿਚ ਘੁਲਣ ਤੋਂ ਬਾਅਦ ਖੁਰਾਕ ਵਿਚ ਆ ਜਾਂਦੇ ਹਨ ਤੇ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪੰਜਾਬ 'ਚ ਜਿਹੜੇ ਪੰਛੀ, ਦਰੱਖਤ, ਪੌਦੇ, ਸੂਖਮ ਜੀਵ ਜਿਵੇਂ ਗੰਡੋਏ ਆਦਿ ਪਹਿਲਾਂ ਨਜ਼ਰ ਆਉਂਦੇ ਸਨ, ਹੁਣ ਖਤਮ ਹੋ ਰਹੇ ਹਨ। ਇਹ ਧਰਤੀ ਦੀ ਉਪਜਾਊ ਸ਼ਕਤੀ ਅਤੇ ਸੰਤੁਲਤ ਵਾਤਾਵਰਨ ਲਈ ਜ਼ਰੂਰੀ ਸਨ।

ਪੰਜਾਬ ਵਿਚ ਰਸਾਇਣਾਂ ਦੀ ਸਭ ਤੋਂ ਜ਼ਿਆਦਾ ਵਰਤੋਂ ਇਸ ਕਰ ਕੇ ਹੋ ਰਹੀ ਹੈ ਕਿਉਂਕਿ ਇੱਥੇ ਪਾਣੀ ਅਸਾਨੀ ਨਾਲ ਮਿਲ ਜਾਂਦਾ ਸੀ ਪਰ ਹੁਣ ਇਨ੍ਹਾਂ ਦੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। 1970 ਤੋਂ ਪਹਿਲਾਂ ਧਰਤੀ 'ਤੇ ਮੋਟਰ ਲਾ ਕੇ ਪਾਣੀ ਕੱਢਿਆ ਜਾਂਦਾ ਸੀ, ਪਾਣੀ ਡੂੰਘਾ ਹੋਣ ਨਾਲ 1980 ਤੋਂ ਖੂਹੀ ਵਿਚ ਮੋਟਰ ਲਾ ਕੇ ਪਾਣੀ ਕੱਢਿਆ ਜਾਂਦਾ ਰਿਹਾ। ਪਾਣੀ ਦੇ ਮਾਹਿਰਾਂ ਅਨੁਸਾਰ ਇਹ ਪਾਣੀ ਦੀ ਦੂਜੀ ਪੱਧਰ ਸੀ। ਫਿਰ ਸਾਲ 2000 ਤੋਂ ਬਾਅਦ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾਏ ਗਏ ਜੋ ਪਾਣੀ ਦੀ ਤੀਜੀ ਪੱਧਰ ਤੋਂ ਪਾਣੀ ਕੱਢ ਰਹੇ ਹਨ। ਇਹ ਕਲਪਨਾ ਬੜੀ ਡਰਾਉਣੀ ਲੱਗਦੀ ਹੈ ਕਿ ਜੇ ਤੀਜੀ ਪੱਧਰ ਤੋਂ ਪਾਣੀ ਖਤਮ ਹੋ ਗਿਆ ਤਾਂ ਫਿਰ ਕੀ ਕੀਤਾ ਜਾਵੇਗਾ? ਪਾਣੀ ਜ਼ਿੰਦਗੀ ਦਾ ਆਧਾਰ ਹੈ ਜਿਸ ਤੋਂ ਜੀਵ ਪੈਦਾ ਹੁੰਦਾ ਹੈ; ਜੇ ਉਹੀ ਖਤਮ ਹੋ ਗਿਆ ਤਾਂ ਫਿਰ ਕੀ ਹੋਵੇਗਾ?

ਦਰਅਸਲ, ਵਸੋਂ ਦਾ ਸਾਧਨਾਂ ਅਨੁਸਾਰ ਆਦਰਸ਼ਕ ਸੰਤੁਲਨ ਹੋਣਾ ਚਾਹੀਦਾ ਸੀ। ਰਸਾਇਣਾਂ ਦੀ ਵਰਤੋਂ ਦਾ ਮੁੱਖ ਕਾਰਨ ਵਸੋਂ ਦੀਆਂ ਲੋੜਾਂ ਹਨ। ਰਸਾਇਣਾਂ ਦੀ ਜਗ੍ਹਾ ਜੈਵਿਕ ਖੇਤੀ ਅਪਣਾਉਣ ਦੀ ਖੋਜ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ। ਕੁਝ ਸਵੈ-ਸੇਵੀ ਸੰਸਥਾਵਾਂ ਨੇ ਜੈਵਿਕ ਖੇਤੀ ਕਰ ਕੇ ਰਸਾਇਣਾਂ ਵਾਲੀ ਖੇਤੀ ਤੋਂ ਵੱਧ ਉਪਜ ਲੈ ਕੇ ਦਿਖਾਈ ਹੈ। ਅੰਮ੍ਰਿਤਸਰ ਸਥਿਤ ਪਿੰਗਲਵਾੜਾ ਦੇ ਫਾਰਮ 'ਤੇ ਕੁਦਰਤੀ ਖੇਤੀ ਨਾਲ ਰਸਾਇਣਾਂ ਆਧਾਰਿਤ ਖੇਤੀ ਨਾਲੋਂ ਵੱਧ ਉਪਜ ਲਈ ਗਈ ਹੈ। ਇਸੇ ਕਰ ਕੇ ਹੀ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਬਰਾਕ ਓਬਾਮਾ ਭਾਰਤ ਆਇਆ ਸੀ ਤਾਂ ਉਸ ਨੇ ਉਹ ਫਾਰਮ ਦੇਖਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ। ਪਿੱਛੇ ਜਿਹੇ ਮੈਨੂੰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਨਵੀਂ ਦਿੱਲੀ ਦਾ ਪ੍ਰਾਜੈਕਟ ਮਿਲਿਆ ਸੀ ਜਿਸ ਵਿਚ ਮੇਰੇ ਜ਼ਿੰਮੇ ਜੈਵਿਕ ਅਤੇ ਰਸਾਇਣਕ ਖੇਤੀ ਦੀ ਆਰਥਿਕਤਾ ਦਾ ਅਧਿਐਨ ਕਰਨਾ ਸੀ। ਮੈਂ ਭੋਗਪੁਰ ਨੇੜੇ ਇਕ ਫਾਰਮ 'ਤੇ ਇਕ ਏਕੜ ਵਿਚੋਂ 150 ਕੁਇੰਟਲ ਆਲੂ ਅਤੇ 400 ਕੁਇੰਟਲ ਗੰਨਾ ਉਪਜ ਦੇਖੀ ਸੀ। ਉਹ ਮੁਰਗੀਆਂ ਦੀਆਂ ਵਿੱਠਾਂ ਖਾਦ ਵਜੋਂ ਵਰਤ ਰਹੇ ਸਨ। ਅਜੇ ਵੀ ਜੈਵਿਕ ਖੇਤੀ ਵਿਚ ਵਰਤੀਆਂ ਜਾਣ ਵਾਲੀਆਂ ਆਗਤਾਂ (inputs) ਜਿਵੇਂ ਖਾਦਾਂ ਬਾਰੇ ਕਈ ਭੁਲੇਖੇ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਇਕ ਮਾਹਿਰ ਨਾਲ ਜਦੋਂ ਮੈਂ ਉਸ ਫਾਰਮ ਦੀ ਉੱਚੀ ਉਪਜ ਲੈਣ ਦੀ ਗੱਲ ਕੀਤੀ ਤਾਂ ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁਰਗੀਆਂ ਦੀਆਂ ਵਿੱਠਾਂ ਦੀ ਵਰਤੋਂ ਕਰਨ ਨਾਲ ਉਹ ਫਾਰਮ ਜੈਵਿਕ ਹੀ ਨਹੀਂ ਰਹਿੰਦਾ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਭੁਲੇਖਾ ਹੈ ਅਤੇ ਬਗੈਰ ਕਿਸੇ ਟੈਸਟ ਜਾਂ ਤਜਰਬੇ 'ਤੇ ਕਹੀ ਗਈ ਗੱਲ ਹੈ। ਇਸ ਤਰ੍ਹਾਂ ਦੇ ਆਗਤਾਂ ਬਾਰੇ ਪਏ ਭੁਲੇਖੇ ਖੋਜ ਅਨੁਸਾਰ ਦੂਰ ਕਰਨੇ ਚਾਹੀਦੇ ਹਨ ਅਤੇ ਉਪਯੋਗੀ ਆਗਤਾਂ ਦੀ ਖੋਜ ਕਰ ਕੇ ਮੰਡੀ ਵਿਚ ਸਸਤੀਆਂ ਕੀਮਤਾਂ 'ਤੇ ਵੇਚਣ ਦੇ ਯਤਨ ਕਰਨੇ ਚਾਹੀਦੇ ਹਨ। ਵਾਤਾਵਰਨ ਦੇ ਸੰਤੁਲਨ ਲਈ ਸਰਕਾਰ ਦੀ ਸਰਪ੍ਰਸਤੀ ਦੀ ਅੱਜ ਕੱਲ੍ਹ ਵੱਡੀ ਲੋੜ ਹੈ ਅਤੇ ਇਸ ਨੂੰ ਸਮਾਜ ਸੇਵੀ ਸੰਸਥਾਵਾਂ 'ਤੇ ਨਹੀਂ ਛੱਡਿਆ ਜਾ ਸਕਦਾ; ਨਹੀਂ ਤਾਂ ਇਸ ਦੇ ਸਿੱਟੇ ਬਹੁਤ ਗੰਭੀਰ ਨਿਕਲਣਗੇ। ਪੰਜਾਬ ਵਿਚ ਪਾਣੀ ਦੀ ਪੱਧਰ ਇਸ ਹੱਦ ਤੱਕ ਥੱਲੇ ਚਲੀ ਗਈ ਹੈ ਕਿ ਬਹੁਤ ਸਾਰੇ ਬਲਾਕਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। ਵਾਤਾਵਰਨ ਵਿਚ ਇਸ ਹੱਦ ਤੱਕ ਵਿਗਾੜ ਆ ਗਿਆ ਹੈ ਕਿ ਪੰਜਾਬ ਵਿਚ ਹਫਤਾ ਹਫਤਾ ਜਿਹੜੇ ਮੀਂਹ ਪੈਂਦੇ ਹੁੰਦੇ ਸਨ, ਅਜਿਹਾ ਹਫਤਾ ਹੁਣ ਕਦੀ ਨਹੀਂ ਆਇਆ। ਮੀਂਹ ਜਿਹੜਾ ਸਾਲ ਵਿਚ 500 ਮਿਲੀਮੀਟਰ ਤੋਂ ਉੱਪਰ ਹੁੰਦਾ ਸੀ, ਹੁਣ 450 ਮਿਲੀਮੀਟਰ ਤੱਕ ਹੀ ਹੁੰਦਾ ਹੈ। ਅੱਜ ਕੱਲ੍ਹ 32 ਲੱਖ ਹੈਕਟੇਅਰ ਖੇਤਰ 'ਤੇ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ; ਜੇ ਇਸ ਨੂੰ ਅੱਧਾ ਵੀ ਕਰ ਦਿੱਤਾ ਜਾਵੇ ਤਾਂ ਇਸ ਨਾਲ ਖੁਰਾਕ ਦੇ ਭੰਡਾਰਾਂ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਇਸ ਲਈ ਕਿਨ੍ਹਾਂ ਖੇਤਰਾਂ ਵਿਚ ਕਿੰਨਾ ਝੋਨਾ ਬੀਜਣਾ ਹੈ, ਉਸ ਦੀ ਅਗਵਾਈ ਸਰਕਾਰ ਦੀ ਸਰਪ੍ਰਸਤੀ ਅਧੀਨ ਹੀ ਹੋ ਸਕਦੀ ਹੈ। ਜਿਸ ਤਰ੍ਹਾਂ ਕੇਰਲ ਵਿਚ ਸਬਜ਼ੀਆਂ ਖਰੀਦਣ ਦਾ ਮਾਡਲ ਹੈ। ਇਸ ਅਧੀਨ ਕੋਈ ਵੀ ਕਿਸਾਨ ਦੋ ਏਕੜ ਤੋਂ ਵੱਧ ਸਬਜ਼ੀਆਂ ਨਹੀਂ ਬੀਜ ਸਕਦਾ ਅਤੇ ਉਤਪਾਦਕ ਨੂੰ ਪਹਿਲਾਂ ਮੰਡੀਕਰਨ ਵਿਭਾਗ ਕੋਲ ਇਹ ਦਰਜ ਕਰਾਉਣਾ ਪੈਂਦਾਹੈ, ਇਸ ਤਰ੍ਹਾਂ ਦੇ ਮਾਡਲ ਅਪਣਾਉਣ ਦੀ ਲੋੜ ਹੈ। ਬਠਿੰਡਾ, ਫਰੀਦਕੋਟ, ਮਾਨਸਾ ਆਦਿ ਦੇ ਟਿੱਬਿਆਂ 'ਤੇ ਝੋਨਾ ਬੀਜਣ ਦਾ ਕਾਰਨ ਉਨ੍ਹਾਂ ਦੀ ਸਰਕਾਰੀ ਖਰੀਦ ਹੈ ਅਤੇ ਉਹੋ ਜਿਹੀ ਸਰਕਾਰੀ ਖਰੀਦ ਹੋਰ ਫਸਲਾਂ ਲਈ ਯਕੀਨੀ ਬਣਾਉਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਵਾਤਾਵਰਨ ਵਿਚ ਸਰ੍ਹੋਂ, ਤਾਰਾਮੀਰਾ, ਤਿਲ, ਜੌਂ ਬਾਜਰਾ, ਮਾਂਹ, ਮੱਕੀ ਆਦਿ ਫਸਲਾਂ ਦਾ ਚੱਕਰ ਹਾੜ੍ਹੀ ਅਤੇ ਸਾਉਣੀ ਦੀਆਂ ਰੁੱਤਾਂ ਵਿਚ ਅਪਣਾਇਆ ਜਾਵੇ ਜਿਹੜਾ ਪਹਿਲਾਂ ਵਾਲੇ ਪੰਛੀਆਂ, ਜੀਵਾਂ ਅਤੇ ਸੂਖਮ ਜੀਵਾਂ ਨੂੰ ਫਿਰ ਸੱਦਾ ਦੇਵੇ।

ਪੰਜਾਬ ਦੀ ਜੈਵਿਕ ਖੇਤੀ ਬਰਾਮਦਾਂ ਵੀ ਵੱਡੀ ਸਮਰੱਥਾ ਹੈ। ਯੂਰਪੀਅਨ ਦੇਸ਼ ਅਤੇ ਅਮਰੀਕਾ, ਭਾਰਤ ਤੋਂ ਮਿਲਣ ਵਾਲੀਆਂ ਜੈਵਿਕ ਫਸਲਾਂ ਦੀ ਮੰਗ ਕਰਦੇ ਹਨ ਅਤੇ ਰਸਾਇਣਾਂ 'ਤੇ ਆਧਾਰਿਤ ਫਸਲਾਂ ਨਕਾਰਦੇ ਹਨ। ਭਾਰਤ ਸਰਕਾਰ ਨੇ ਰਾਸ਼ਟਰੀ ਜੈਵਿਕ ਪ੍ਰੋਗਰਾਮ ਉਲੀਕਿਆ ਹੈ ਜਿਸ ਨੇ ਜੈਵਿਕ ਪ੍ਰਮਾਣੀ ਕਰਨ (certification) ਲਈ 25 ਵਿਸ਼ੇਸ਼ ਲੈਬਾਰਟਰੀਆਂ ਖੋਲ੍ਹੀਆਂ ਹਨ। ਪਿੱਛੇ ਜਿਹੇ ਭਾਰਤ ਦੀਆਂ ਵੱਖ ਵੱਖ ਫਰਮਾਂ ਨੇ 19 ਲੱਖ ਟਨ ਜੈਵਿਕ ਫਸਲਾਂ ਦੀ ਬਰਾਮਦ ਕੀਤੀ ਸੀ ਜਿਸ ਤੋਂ 40 ਕਰੋੜ ਡਾਲਰ ਕਮਾਏ ਗਏ ਸਨ ਪਰ ਜੈਵਿਕ ਮੰਗ ਦੇ ਬਰਾਬਰ ਜੈਵਿਕ ਪੂਰਤੀ ਇਸ ਕਰ ਕੇ ਨਹੀਂ ਕਿਉਂਕਿ ਇਨ੍ਹਾਂ ਨੂੰ ਵਧਾਉਣ ਲਈ ਜੈਵਿਕ ਆਗਤਾਂ (ਇਨਪੁੱਟਸ) ਅਤੇ ਜੈਵਿਕ ਉਪਜਾਂ ਦੀ ਖੋਜ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ ਹੋ ਵਾਤਾਵਰਨ ਲਈ ਲੋੜੀਂਦਾ ਹੈ।

## ਪਰਾਲੀ ਨੂੰ ਖੇਤ ਵਿਚ ਸੰਭਾਲਣ ਲਈ ਨਵੀਆਂ ਤਕਨੀਕਾਂ ਅਪਣਾਉਣ ਵਾਲਾ ਨੌਜਵਾਨ ਹਿੰਮਤੀ ਕਿਸਾਨ - ਹਰਸ਼ਦੀਪ ਸਿੰਘ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਦੀ ਫਸਲ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਲਈ ਕਈ ਤਕਨੀਕਾਂ ਸਿਫਾਰਸ਼ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਅਪਨਾ ਕੇ ਮੋਹਰੀ ਕਿਸਾਨ ਹੋਰਨਾਂ ਕਿਸਾਨਾਂ ਲਈ ਚਾਨਣ ਮੁਨਾਰਾ ਬਣ ਰਹੇ ਹਨ। ਅਜਿਹੇ ਹੀ ਇਕ ਕਿਸਾਨਾਂ 'ਚੋਂ ਇਕ ਨੌਜਵਾਨ ਕਿਸਾਨ ਹੈ ਸ: ਹਰਸ਼ਦੀਪ ਸਿੰਘ, ਪਿੰਡ ਦੁੱਗਾਂ, ਜ਼ਿਲ੍ਹਾ ਸੰਗਰੂਰ। ਹਰਸ਼ਦੀਪ ਸਿੰਘ ਐੱਲ ਐੱਲ ਬੀ ਦੇ ਆਖਰੀ ਸਾਲ ਦਾ ਵਿਦਿਆਰਥੀ ਹੈ। ਉਸ ਦਾ ਪਰਿਵਾਰ 24 ਏਕੜ ਵਿਚ ਖੇਤੀ ਕਰਦਾ ਹੈ, ਜਿਸ ਵਿੱਚੋਂ 13 ਏਕੜ ਉੱਤੇ ਉਹ ਆਪ ਖੇਤੀ ਕਰ ਰਹੇ ਹਨ ਅਤੇ ਬਾਕੀ ਰਕਬਾ ਠੇਕੇ ਉੱਤੇ ਦਿੱਤਾ ਹੋਇਆ ਹੈ। ਹਰਸ਼ਦੀਪ ਅਨੁਸਾਰ ਪਰਾਲੀ ਨੂੰ ਖੇਤ ਵਿਚ ਬਿਨ੍ਹਾਂ ਅੱਗ ਲਗਾਏ ਸੰਭਾਲਣ ਦਾ ਕੰਮ ਉਸ ਦੇ ਪਿਤਾ ਜੀ ਨੇ ਸ਼ੁਰੂ ਕੀਤਾ ਸੀ। ਪਹਿਲਾਂ ਉਹ ਸਾਰੀ ਪਰਾਲੀ ਨੂੰ ਤਵੀਆਂ ਮਾਰ ਕੇ ਖੇਤ ਵਿਚ ਮਿਲਾ ਦਿੰਦੇ ਸਨ ਅਤੇ ਫੇਰ ਖੇਤ ਤਿਆਰ ਕਰ ਕੇ ਕਣਕ ਦੀ ਬਿਜਾਈ ਕਰਦੇ ਸਨ। ਜਦੋਂ ਤੋਂ ਉਹ ਆਪ ਖੇਤੀ ਵਿਚ ਆਇਆ ਤਾਂ ਉਸ ਨੇ ਨਵੀਆਂ ਤਕਨੀਕਾਂ ਅਪਨਾ ਕੇ ਖੇਤੀ ਕਰਨੀ ਸ਼ੁਰੂ ਕੀਤੀ ਹੈ। ਸਾਲ 2018 ਵਿਚ ਉਹਨਾਂ ਨੇ ਸਬਸਿਡੀ ਸਕੀਮ ਅਧੀਨ ਨਵਾਂ ਹੈਪੀ ਸੀਡਰ ਖਰੀਦਿਆ ਅਤੇ 9 ਏਕੜ ਰਕਬੇ ਵਿਚ ਪਰਾਲੀ ਖਿਲਾਰ ਕੇ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ। ਹੈਪੀ ਸੀਡਰ ਨਾਲ ਬੀਜੀ ਕਣਕ ਵਿਚ ਨਦੀਨ ਘੱਟ ਹੋਏ ਜਿਸ ਨਾਲ ਨਦੀਨ ਨਾਸ਼ਕ ਦਵਾਈਆਂ ਦੀ ਸਪਰੇਅ ਦਾ ਖਰਚਾ ਬਚਿਆ, ਕਣਕ ਡਿੱਗਣ ਦੀ ਸਮੱਸਿਆ ਨਹੀਂ ਆਈ ਅਤੇ ਝਾੜ ਵੀ ਅੱਗ ਲਗਾ ਕੇ ਅਤੇ ਖੇਤ ਵਾਹ ਕੇ ਬੀਜੀ ਜਾਂਦੀ ਕਣਕ ਦੇ ਬਰਾਬਰ ਰਿਹਾ। ਅਗਲੇ ਸਾਲ ਤੋਂ ਸਾਰਾ ਰਕਬਾ ਹੀ ਹੈਪੀ ਸੀਡਰ ਨਾਲ ਬੀਜਣਾ ਸ਼ੁਰੂ ਕਰ ਦਿੱਤਾ। ਸਾਲ 2021 ਅਤੇ 2022 ਵਿਚ ਕ੍ਰਮਵਾਰ 6 ਅਤੇ 4 ਏਕੜ ਰਕਬਾ ਸੁਪਰ ਸੀਡਰ ਨਾਲ ਬੀਜ ਕੇ ਦੇਖਿਆ। ਇਸ ਤਕਨੀਕ ਨਾਲ ਝਾੜ ਤੇ ਹੈਪੀ ਸੀਡਰ ਵਾਲੀ ਕਣਕ ਦੇ ਬਰਾਬਰ ਰਿਹਾ ਪਰ ਡੀਜ਼ਲ ਦੀ ਖਪਤ ਜ਼ਿਆਦਾ ਹੋਣ ਕਰਕੇ ਬਿਜਾਈ ਦਾ ਖਰਚਾ ਵੱਧ ਰਿਹਾ। ਸਾਲ 2023 ਵਿਚ ਉਸ ਨੇ ਨਵੀਂ ਤਕਨੀਕ ਪੀ ਏ ਯੂ ਸਮਾਰਟ ਸੀਡਰ ਨਾਲ 5.5 ਏਕੜ ਰਕਬੇ ਵਿਚ ਕਣਕ ਦੀ ਬਿਜਾਈ ਕੀਤੀ। ਇਸ ਤੋਂ ਇਲਾਵਾ 2 ਏਕੜ ਵਿਚ ਸੁਪਰ ਸੀਡਰ ਨਾਲ ਅਤੇ ਬਾਕੀ ਰਕਬੇ ਵਿਚ ਪਲਟਾਊ ਹੱਲ ਵਰਤ ਕੇ ਪਰਾਲੀ ਦੀ ਸੰਭਾਲ ਕੀਤੀ। ਹਰਸ਼ਦੀਪ ਦੱਸਦਾ ਹੈ ਕਿ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਨਵੀਆਂ ਤਕਨੀਕਾਂ ਅਪਨਾਉਣ ਦੇ ਨਾਲ-ਨਾਲ ਹੀ ਉਹ ਪਿਛਲੇ 8 ਸਾਲਾਂ ਤੋਂ 11 ਏਕੜ ਰਕਬੇ ਵਿਚ ਝੋਨੇ ਦੀ ਸਿੱਧੀ ਬਿਜਾਈ ਵੀ ਕਰ ਰਿਹਾ ਹੈ। ਜਿਸ ਨਾਲ ਲੇਬਰ ਅਤੇ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਸ਼ੁੱਧ ਮੁਨਾਫੇ ਵਿਚ ਵਾਧਾ ਹੁੰਦਾ ਹੈ। ਇਸ ਤਰ੍ਹਾਂ ਇਹ ਕਿਸਾਨ ਖੇਤੀ ਦੀਆਂ ਨਵੀਆਂ ਤਕਨੀਕਾਂ ਅਪਨਾ ਕੇ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ।

ਸੁਨੀਲ ਕੁਮਾਰ ਅਤੇ ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ (ਸੰਗਰੂਰ) ਮੋ. 88721-75800

# ਮੁਰਗੀ ਫਾਰਮ ਦਾ ਕੰਮ ਕਿਵੇਂ ਸ਼ੁਰੂ ਕੀਤਾ ਜਾਵੇ?



ਮਧੂ ਸ਼ੈਲੀ, ਪਸਾਰ ਵਿਗਿਆਨੀ, ਪੀ. ਏ. ਯੂ., ਲੁਧਿਆਣਾ

**ਜਦੋਂ ਵੀ ਪੋਲਟਰੀ ਫਾਰਮਿੰਗ ਦੇ ਵਪਾਰ ਦੀ ਗੱਲ ਆਉਂਦੀ ਹੈ, ਤਾਂ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਖੇਤੀ ਆਧਾਰਿਤ ਵਪਾਰ ਨੂੰ ਸ਼ੁਰੂ ਕਰਨ ਲਈ ਜ਼ਿਆਦਾ ਮਿਹਨਤ ਅਤੇ ਨਿਵੇਸ਼ ਦੀ ਲੋੜ ਨਹੀਂ ਪਵੇਗੀ। ਇਹ ਥੋੜ੍ਹਾ ਬਹੁਤ ਸੱਚ ਤਾਂ ਹੈ ਪਰ ਇਸ ਤਰ੍ਹਾਂ ਦੇ ਧੰਦੇ ਲਈ ਨਿਵੇਸ਼ ਭਾਵੇਂ ਘੱਟ ਚਾਹੀਦਾ ਹੈ, ਪਰ ਮਿਹਨਤ ਬਹੁਤ ਜ਼ਿਆਦਾ ਲੱਗਦੀ ਹੈ।**

ਇਸ ਲਈ ਜੇ ਵਿਅਕਤੀ ਇਸ ਵਪਾਰ ਨੂੰ ਸਫਲਤਾ ਨਾਲ ਖੜ੍ਹਾ ਕਰਕੇ ਕਮਾਈ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਮੁਰਗੀ ਪਾਲਣ ਵਪਾਰ ਸ਼ੁਰੂ ਕਰਨ ਲਈ ਹੋਰ ਪ੍ਰਕਿਰਿਆ ਤੋਂ ਹੋ ਕੇ ਲੰਘਣਾ ਪੈਂਦਾ ਹੈ।

**ਜਿਵੇਂ ਕਿ :**

**1. ਯੋਜਨਾ ਤਿਆਰ ਕਰਨਾ** : ਕੰਮ ਚਾਹੇ ਕੋਈ ਵੀ ਹੋਵੇ, ਮੁਰਗੀ ਪਾਲਣ ਜਾਂ ਕੋਈ ਹੋਰ, ਸਭ ਤੋਂ ਪਹਿਲਾਂ ਉਸ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ। ਜਿਸ ਵਿੱਚ ਤੁਹਾਡੇ ਵਪਾਰ ਵਿੱਚ ਲੱਗਣ ਵਾਲੇ ਪੈਸੇ, ਵਪਾਰ ਨੂੰ ਸ਼ੁਰੂ ਕਰਨ ਲਈ ਜ਼ਮੀਨ ਅਤੇ ਵਪਾਰ ਵਿੱਚ ਪ੍ਰਯੋਗ ਵਿੱਚ ਲਿਆਏ ਜਾਣ ਵਾਲੇ ਉਪਕਰਨਾਂ ਦਾ ਬਹੁਤ ਗਹਿਰਾਈ ਨਾਲ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੁੰਦਾ ਹੈ। ਆਪਣਾ ਮੁਰਗੀ ਫਾਰਮ ਵਪਾਰ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਧੰਦੇ ਲਈ ਟੀਚਾ ਨਿਰਧਾਰਿਤ ਕਰਨਾ ਪੈਂਦਾ ਹੈ। ਆਪਣੇ ਉਤਪਾਦ ਲਈ ਬਾਜ਼ਾਰ ਦਾ ਬਾਰੀਕੀ ਨਾਲ ਮੁਲਾਂਕਣ ਕਰਨਾ ਹੁੰਦਾ ਹੈ। ਇਸ ਦੇ ਇਲਾਵਾ ਤੁਹਾਨੂੰ ਆਪਣੇ ਮੁਰਗੀ ਫਾਰਮ ਦੀ ਘੱਟੋ-ਘੱਟ ਪੈਦਾਵਾਰ ਜਾਂ ਘੱਟ ਤੋਂ ਘੱਟ ਉਤਪਾਦਨ ਸਮਰੱਥਾ ਵੀ ਤੈਅ ਕਰਨੀ ਹੋਵੇਗੀ।



**2. ਪੈਸੇ ਦਾ ਪ੍ਰਬੰਧ** : ਹਾਲਾਂਕਿ ਤੁਸੀਂ ਆਪਣੇ ਪੋਲਟਰੀ ਫਾਰਮਿੰਗ ਵਪਾਰ ਲਈ ਯੋਜਨਾ ਤਿਆਰ ਕਰ ਲਈ ਹੈ। ਇਸ ਲਈ ਹੁਣ ਤੁਹਾਨੂੰ ਪਤਾ ਲੱਗ ਗਿਆ ਹੋਵੇਗਾ ਕਿ ਮੁਰਗੀ ਫਾਰਮ ਸ਼ੁਰੂ ਕਰਨ ਵਿੱਚ ਕਿੰਨਾ ਖਰਚਾ ਆ ਜਾਵੇਗਾ, ਤਾਂ ਦੂਜਾ ਕਦਮ ਤੁਹਾਨੂੰ ਇਸ ਕੰਮ ਲਈ ਪੈਸੇ ਦਾ ਪ੍ਰਬੰਧ ਕਰਨਾ ਹੋਵੇਗਾ।

**3. ਪੋਲਟਰੀ ਫਾਰਮਿੰਗ ਲਈ ਬੈਂਕ ਲੋਨ** : ਜੇ ਤੁਹਾਡੇ ਕੋਲ ਆਪਣੇ ਪੋਲਟਰੀ ਫਾਰਮ ਲਈ ਪੈਸੇ ਹਨ, ਤਾਂ ਠੀਕ ਹੈ, ਨਹੀਂ ਤਾਂ ਤੁਹਾਨੂੰ ਬੈਂਕ ਲੋਨ ਬਾਰੇ ਸੋਚਣਾ ਚਾਹੀਦਾ ਹੈ, ਇਸ ਵਾਸਤੇ ਚੌਥਾ ਕਦਮ ਬੈਂਕ ਤੋਂ ਕਰਜ਼ਾ ਲੈਣ ਵਾਸਤੇ ਬਿਨੈ ਪੱਤਰ ਦੇਣਾ ਹੈ।

**4. ਜ਼ਮੀਨ ਦੀ ਚੋਣ ਕਰਨਾ** : ਤੀਜਾ ਅਤੇ ਸਭ ਤੋਂ ਮਹੱਤਵਪੂਰਨ ਕਦਮ ਇਸ ਕਿੱਤੇ ਲਈ ਜ਼ਮੀਨ ਦੀ ਚੋਣ ਹੈ। ਇਸ ਲਈ ਤੁਹਾਨੂੰ ਮਾਰਕੀਟ ਵਿੱਚ ਉਪਲੱਬਧ ਮੁਰਗੀ ਫਾਰਮਾਂ ਅਤੇ ਗਾਹਕ ਦੋਵਾਂ ਦਾ ਵਿਸ਼ਲੇਸ਼ਣ ਕਰਨਾ ਹੋਵੇਗਾ। ਜੇ ਤੁਸੀਂ ਆਪਣੇ ਸ਼ਹਿਰ ਤੋਂ ਦੂਰ ਕਿਤੇ ਹੋਰ ਮੁਰਗੀਆਂ ਵੇਚਣਾ ਚਾਹੁੰਦੇ ਹੋ ਤਾਂ ਆਵਾਜਾਈ ਦੀ ਸੁਵਿਧਾ ਨੂੰ ਵੀ ਧਿਆਨ ਵਿੱਚ ਰੱਖਣਾ ਹੋਵੇਗਾ। ਮੁਰਗੀ ਫਾਰਮ ਵਪਾਰ ਲਈ ਸਹੀ ਮਾਤਰਾ ਵਿੱਚ ਪੀਣ ਦੇ ਪਾਣੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਤੁਹਾਨੂੰ ਆਪਣੇ ਧੰਦੇ ਲਈ ਜ਼ਮੀਨ ਦੀ ਚੋਣ ਕਰਕੇ ਸਮੇਂ ਇਨ੍ਹਾਂ ਸਹੂਲਤਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ।

**5. ਛੱਤ ਅਤੇ ਉਪਕਰਨਾਂ ਦਾ ਪ੍ਰਬੰਧ ਕਰਨਾ** : ਪੰਜਵਾਂ ਕਦਮ ਮੁਰਗੀ ਫਾਰਮ ਦੇ ਢਾਰਿਆਂ ਦਾ ਸਾਮਾਨ ਅਤੇ ਹੋਰ ਲੋੜੀਂਦੇ ਉਪਕਰਨਾਂ ਨੂੰ ਇਕੱਠਾ ਕਰਨਾ ਹੈ ਤਾਂ ਜੋ ਮੁਰਗੀ ਫਾਰਮ ਸ਼ੁਰੂ ਕੀਤਾ ਜਾ ਸਕੇ।

**ਮੁਰਗੀਆਂ ਦੀ ਚੋਣ** : ਛੇਵਾਂ ਕਦਮ ਮੁਰਗੀਆਂ ਦੀ ਚੋਣ ਹੈ। ਇਸ ਦਾ ਭਾਵ ਹੈ ਕਿ ਤੁਸੀਂ ਮੁਰਗੀ ਫਾਰਮ ਤੋਂ ਕਿਹੜਾ ਉਤਪਾਦ ਚਾਹੁੰਦੇ ਹੋ। ਇਸ ਦਾ ਭਾਵ ਹੈ ਕਿ ਤੁਸੀਂ ਮੁਰਗੀ ਫਾਰਮ ਤੋਂ ਕਿਹੜਾ ਉਤਪਾਦ ਚਾਹੁੰਦੇ ਹੋ ? ਅੰਡਾ ਜਾਂ ਮੀਟ ? ਜੇ ਅੰਡਾ ਉਤਪਾਦਨ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਲੇਅਰ (Layer) ਮੁਰਗੀ ਨੂੰ ਪੋਲਟਰੀ ਕਿੱਤੇ ਦਾ ਹਿੱਸਾ ਬਣਾਉਣਾ ਹੋਵੇਗਾ ਅਤੇ ਜੇ ਤੁਸੀਂ ਮੀਟ ਦਾ ਉਤਪਾਦਨ ਕਰਨਾ ਹੈ ਤਾਂ ਬ੍ਰੋਇਲਰ ਮੁਰਗੀ ਨੂੰ ? ਬ੍ਰੋਇਲਰ ਅਤੇ ਲੇਅਰ ਮੁਰਗੀਆਂ ਦੇ ਆਪਣੇ ਲਾਭ ਅਤੇ ਨੁਕਸਾਨ ਹੁੰਦੇ ਹਨ, ਇਸ ਲਈ ਚੋਣ ਤੋਂ ਪਹਿਲਾਂ ਇਨ੍ਹਾਂ ਬਾਰੇ ਸਾਰੀ ਜਾਣਕਾਰੀ ਅਤੇ ਟ੍ਰੇਨਿੰਗ ਜ਼ਰੂਰ ਲਵੋ। ਪਰ ਜੇ ਤੁਸੀਂ ਚਾਹੁੰਦੇ ਹੋ ਤਾਂ ਬ੍ਰੋਇਲਰ ਅਤੇ ਲੇਅਰ ਦੋਨਾਂ ਨੂੰ ਹੀ ਮੁਰਗੀ ਫਾਰਮ ਦਾ ਹਿੱਸਾ ਬਣਾ ਸਕਦੇ ਹੋ। ਪਰ ਜੇ ਤੁਸੀਂ ਬੈਂਕ ਲੋਨ ਲੈ ਕੇ ਆਪਣਾ ਮੁਰਗੀ ਫਾਰਮ ਸ਼ੁਰੂ ਕੀਤਾ ਹੈ ਤਾਂ ਬੈਂਕ ਨੂੰ ਆਪਣਾ ਪ੍ਰੋਜੈਕਟ ਪਲੈਨ ਦੱਸਣਾ ਹੋਵੇਗਾ।

**ਵਪਾਰ ਲਈ ਬਾਜ਼ਾਰ ਲੱਭਣਾ** : ਕੰਮ ਸ਼ੁਰੂ ਕਰਨ ਤੋਂ ਪਹਿਲਾਂ ਧਿਆਨ ਵਿੱਚ ਰੱਖੋ ਕਿ ਉਤਪਾਦ ਲਈ ਬਾਜ਼ਾਰ ਦਾ ਉਪਲੱਬਧ ਹੋਣਾ ਬਹੁਤ ਜ਼ਰੂਰੀ ਹੈ। ਕਿਉਂਕਿ ਤੁਸੀਂ ਆਪਣੇ ਮੁਰਗੀ ਫਾਰਮ ਲਈ ਮੁਰਗੀਆਂ ਦੀ ਵੀ ਚੋਣ ਕਰ ਲਈ ਹੈ। ਜਦੋਂ ਮੁਰਗੀਆਂ ਫਾਰਮ ਵਿੱਚ ਮਾਰਕੀਟ ਲਈ ਤਿਆਰ ਹੋ ਰਹੀਆਂ ਹਨ ਤਾਂ ਹੁਣ ਅਗਲਾ ਕਦਮ ਮੁਰਗੀ ਦਾ ਮੀਟ ਜਾਂ ਅੰਡੇ ਵੇਚਣ ਲਈ ਮਾਰਕੀਟ ਲੱਭਣਾ ਹੈ। ਸਭ ਤੋਂ ਪਹਿਲਾਂ ਤੁਹਾਨੂੰ ਕੇਵਲ ਮਾਰਕੀਟ ਦਾ ਹੀ ਟੀਚਾ ਰੱਖਣਾ ਚਾਹੀਦਾ ਹੈ, ਕਿਉਂਕਿ ਲੋਕਲ ਮਾਰਕੀਟ ਦਾ ਹੀ ਟੀਚਾ ਰੱਖਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਤੁਹਾਡਾ ਢੋਆ-ਢੁਆਈ ਦਾ ਖਰਚਾ ਬਚਦਾ ਹੈ ਅਤੇ ਤੁਸੀਂ ਆਪਣਾ ਉਤਪਾਦ ਸੌਖੇ ਹੀ ਸੁਰੱਖਿਅਤ ਤੌਰ 'ਤੇ ਗਾਹਕ ਕੋਲ ਪਹੁੰਚਾ ਸਕਦੇ ਹੋ। ਸਭ ਤੋਂ ਪਹਿਲਾਂ ਆਪਣੇ ਆਸੇ-ਪਾਸੇ ਦੇ ਬਾਜ਼ਾਰਾਂ ਵਿੱਚ ਮੀਟ ਜਾਂ ਅੰਡਿਆਂ ਦੀ ਖਪਤ ਨੂੰ ਜਾਣਨਾ ਜ਼ਰੂਰੀ ਹੈ।



ਵਾਤਾਵਰਣ-ਅਨੁਕੂਲ, ਘੱਟ ਲਾਗਤ ਵਾਲੇ ਅਤੇ, ਵਾਤਾਵਰਣ ਲਈ ਸੁਰੱਖਿਅਤ ਤਕਨੀਕਾਂ ਦੀ ਵਰਤੋਂ ਕਰਕੇ ਜੰਗਲੀ ਸੂਰਾਂ ਦੁਆਰਾ ਫਸਲਾਂ ਦੇ ਨੁਕਸਾਨ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

**ਬਾਇਓਕੋਸਟਿਕ ਵਿਧੀ/ਖੇਤੀ ਰਕਸ਼ਕ** : ਕੋਆਰਡੀਨੇਟਰ, ਆਲ ਇੰਡੀਆ ਨੈਟਵਰਕ ਪ੍ਰੋਜੈਕਟ ਆਨ ਵਰਟੀਬ੍ਰੇਟ ਪੈਸਟ ਮੈਨੇਜਮੈਂਟ ਦੁਆਰਾ ਪ੍ਰਦਾਨ ਕੀਤੇ ਬਾਇਓਕੋਸਟਿਕ ਯੰਤਰ ਖੇਤੀ ਰਕਸ਼ਕ ਦੀ ਵਰਤੋਂ ਫਸਲਾਂ ਦੇ ਖੇਤਾਂ ਵਿਚ ਕਾਫੀ ਪ੍ਰਭਾਵਸ਼ਾਲੀ ਪਾਈ ਗਈ ਹੈ। ਇਹ ਯੰਤਰ ਵੱਖ-ਵੱਖ ਸਮੇਂ ਦੇ ਅੰਤਰਾਲ (180 ਮਿੰਟ ਸਵੇਰੇ ਅਤੇ 180 ਮਿੰਟ ਸ਼ਾਮ) ਤੇ ਫਸਲਾਂ ਦੇ ਖੇਤਾਂ ਵਿਚ ਚਲਾਉਣ ਨਾਲ, ਖੇਤਾਂ ਵਿਚ ਜੰਗਲੀ ਸੂਰ ਦੇ

## ਜੰਗਲ

ਦਾਖਲੇ ਨੂੰ ਰੋਕਣ ਵਿ

ਸਾਬਤ ਹੁੰਦਾ ਹੈ।

ਰੋਕਣ ਦੇ



ਜੰਗਲੀ ਸੂਰਾ ਨੂੰ

ਦਾਖਲ ਹੋਣ ਤੋਂ

ਵਿਧੀਆਂ ਵਾਤਾਵਰਣ-


.ਗਰੀਬ

ਪ੍ਰਧਾਨਮੰਤਰੀ .ਗਰੀਬ ਕਲਿਆਣ ਅੰਨ ਯੋਜਨਾ (PM-GKAY) ਨਾਲ ਸਾਰਿਆਂ ਦੇ ਲਈ ਖ਼ੁਰਾਕ ਸੁਰੱਖਿਆ

ਵਿਸ਼ਵ ਦੀ ਸਭ ਤੋਂ ਵੱਡੀ ਸਮਾਜਿਕ ਕਲਿਆਣ ਯੋਜਨਾ

5 ਵਰ੍ਹਿਆਂ ਦੇ ਲਈ ਵਧਾਈ ਗਈ, 80 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਖ਼ੁਰਾਕ ਸੁਰੱਖਿਆ ਪ੍ਰਦਾਨ ਕਰਨ ਦਾ ਲਕਸ਼

ਪੀਐੱਮ ਆਵਾਸ ਯੋਜਨਾ ਨਾਲ .ਗਰੀਬਾਂ ਦੇ ਲਈ ਪੱਕੇ ਮਕਾਨ

ਵੰਚਿਤਾਂ ਦੇ ਲਈ 4 ਕਰੋੜ ਤੋਂ ਜ਼ਿਆਦਾ ਪੱਕੇ ਮਕਾਨ

ਆਪਣੇ ਘਰ ਦਾ ਸੁਪਨਾ ਪੂਰਾ ਕਰਕੇ ਸਨਮਾਨ ਨਾਲ ਜੀਵਨ ਜਿਊਣ ਦਾ ਮਿਲਿਆ ਅਧਿਕਾਰ

ਪੀਐੱਮ ਉੱਜਵਲਾ ਯੋਜਨਾ ਨਾਲ ਧੂੰਆਂ ਰਹਿਤ ਰਸੋਈ

10 ਕਰੋੜ ਤੋਂ ਜ਼ਿਆਦਾ ਪਰਿਵਾਰ

ਕਲੀਨ ਕੁਕਿੰਗ ਫਿਊਲ ਕਨੈਕਸ਼ਨ ਦੇ ਨਾਲ ਜੀਅ ਰਹੇ ਤੰਦਰੁਸਤ ਜੀਵਨ



.ਗਰੀਬ ਅੰਨਦਾ

ਯੁਵਾ ਨਾਰੀ ਸ਼

ਪ੍ਰਧਾਨ ਮੰਤਰੀ

ਸਮਾਵੇਸ਼ੀ ਵਿਕ

ਅਤੇ ਇਸ ਲਈ

ਯੁਵਾ, ਅੰਨਦਾਤ

ਕੇਂਦਰਿਤ ਕਰਨ

# ...ਲੀ ਸੂਰਾਂ ਦਾ ਖੇਤੀਬਾੜੀ ਵਿਚ ਨੁਕਸਾਨ ਅਤੇ ਰੋਕਥਾਮ

ਤੇਜਦੀਪ ਕੌਰ ਕਲੇਰ, ਮਨੋਜ ਕੁਮਾਰ ਅਤੇ ਨਿਸ਼ਾ ਵਸ਼ਿਸ਼ਟ,
ਜ਼ੁਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 80543-25002)

...ਵਿਚ ਕਾਫੀ ਸਹਾਇਕ

...ਢੰਗ : ਇਹ ਢੰਗ



...ਫਸਲੀ ਖੇਤਾਂ ਵਿਚ ...ਸਕਦੇ ਹਨ। ਇਹ ...ਅਨੁਕੂਲ, ਭਰੋਸੇਮੰਦ ਅਤੇ ਘੱਟ ਲਾਗਤ ਵਾਲੀਆਂ ਹਨ। ਇਸ ਵਿਚ ਖੰਭਿਆਂ ਦੀ ਮਦਦ ਨਾਲ ਖੇਤਾਂ ਦੇ ਚਾਰੇ ਪਾਸੇ ਖੜ੍ਹੀਆਂ ਕੰਡਿਆਲੀਆਂ ਤਾਰਾਂ ਨੂੰ ਜਾਨਵਰਾਂ ਦੇ ਦਾਖਲੇ ਨੂੰ ਰੋਕਣ ਵਜੋਂ ਵਰਤਿਆ ਜਾ ਸਕਦਾ ਹੈ ਜਿੱਥੇ ਵਾੜ ਦੀ ਉੱਚਾਈ ਫਸਲਾਂ ਦੇ ਅਨੁਸਾਰ ਬਦਲੀ ਵੀ ਜਾ ਸਕਦੀ ਹੈ। ਚੇਨ-ਲਿੰਕਡ ਕੰਡਿਆਲੀ ਤਾਰ ਵਿਚ, ਦੋ ਤਾਰਾਂ ਇੱਕ ਦੂਜੇ ਨਾਲ ਜੋੜ ਕੇ ਜਾਲ ਵਰਗੀ ਬਣਤਰ ਬਣਾਉਂਦੀਆਂ ਹਨ ਜੋ ਜੰਗਲੀ ਸੂਰ ਲਈ ਰੁਕਾਵਟ ਦਾ ਕੰਮ ਕਰ ਸਕਦੀਆਂ ਹਨ। ਵਾੜ ਦੀ ਉੱਚਾਈ ਜ਼ਮੀਨੀ ਪੱਧਰ ਤੋਂ 4.5-5.0 ਫੁੱਟ ਤੱਕ ਹੁੰਦੀ ਹੈ।

**ਕੰਡਿਆਲੀ ਵਾੜ ਦੁਆਰਾ** : ਕੰਡਿਆਲੀਆਂ ਝਾੜੀਆਂ ਦੀਆਂ ਕੁਝ ਪ੍ਰਮੁੱਖ ਕਿਸਮਾਂ ਜਿਵੇਂ ਕਿ ਕਰੌਂਦਾ, ਅਰੰਡ ਅਤੇ ਸੈਫਲਾਵਰ, ਮੁੱਖ ਫਸਲ ਦੇ ਆਲੇ-ਦੁਆਲੇ ਬੰਨ੍ਹਾਂ 'ਤੇ ਲਗਾਏ ਜਾ ਸਕਦੇ ਹਨ ਜੋ ਜੰਗਲੀ ਸੂਰਾਂ ਨੂੰ ਉਨ੍ਹਾਂ ਦੇ ਕੰਡਿਆਲੇ ਸੁਭਾਅ ਕਾਰਨ ਫਸਲ ਦੇ ਖੇਤਾਂ ਵਿਚ ਦਾਖਲ ਹੋਣ ਤੋਂ ਰੋਕਦੀਆਂ ਹਨ। ਪੌਦਿਆਂ ਦੀਆਂ ਇਹ ਕਿਸਮਾਂ ਫਸਲਾਂ ਦੇ ਖੇਤਾਂ ਵਿਚ ਜੰਗਲੀ ਸੂਰ ਅਤੇ ਹੋਰ ਸ਼ਾਕਾਹਾਰੀ ਜਾਨਵਰਾਂ ਦੇ ਦਾਖਲੇ ਨੂੰ ਰੋਕਣ ਵਿਚ ਮਦਦ ਕਰਦੀਆਂ ਹਨ।

**ਰਵਾਇਤੀ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਜੰਗਲੀ ਸੂਰਾਂ ਨੂੰ ਭਜਾਉਣਾ** : ਵੱਖ-ਵੱਖ ਨਵੀਨਤਾਕਾਰੀ ਤਰੀਕਿਆਂ ਨਾਲ ਜੰਗਲੀ ਸੂਰਾਂ ਤੋਂ ਬਚਣ ਲਈ ਕਿਸਾਨ ਭਾਈਚਾਰੇ ਦੁਆਰਾ ਕਈ ਢੰਗਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੇ ਕੁਝ ਪ੍ਰਭਾਵਸ਼ਾਲੀ ਤਰੀਕਿਆਂ ਵਿਚ ਉੱਚੀ ਆਵਾਜ਼ਾਂ ਵਿਚ ਢੋਲ ਵਜਾਉਣਾ, ਪਟਾਕਿਆਂ ਦੀ ਆਵਾਜ਼ ਆਦਿ ਸ਼ਾਮਲ ਹਨ। ਇਹ ਤਰੀਕੇ ਪ੍ਰਭਾਵਸ਼ਾਲੀ, ਘੱਟ ਖਰਚੇ ਵਾਲੇ ਵਰਤੋਂ ਵਿਚ ਆਸਾਨ ਹਨ।

ਉਪਰੋਕਤ ਤਰੀਕਿਆਂ ਨੂੰ ਵੱਖਰੇ ਤੌਰ 'ਤੇ ਜਾਂ ਲੜੀਵਾਰ ਤਰੀਕੇ ਨਾਲ ਵਰਤਣ ਨਾਲ ਫਸਲਾਂ ਦਾ ਜੰਗਲੀ ਸੂਰਾਂ ਤੋਂ ਬਚਾਅ ਹੋ ਸਕਦਾ ਹੈ। ਕਿਸਾਨਾਂ ਦੇ ਫਾਇਦੇ ਲਈ ਜੰਗਲੀ ਸੂਰਾਂ ਅਤੇ ਇਸ ਦੇ ਪ੍ਰਬੰਧਨ ਬਾਰੇ ਸਾਹਿਤ, ਇੱਕ-ਇੱਕ ਪੰਨੇ ਦੇ ਇਸ਼ਤਿਹਾਰ (ਪੈਂਫਲੈਟ), ਕਿਤਾਬ ਅਤੇ ਚਾਰਟ ਦੇ ਰੂਪ ਵਿਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਜਾਣਕਾਰੀ ਨੂੰ ਕਿਸਾਨ ਮੇਲਿਆ ਤੇ ਵੀ ਸਾਂਝਾ ਕੀਤਾ ਜਾਂਦਾ ਹੈ।

ਜੰਗਲੀ ਜੀਵ-ਜੰਤੂ ਜਿਵੇਂ ਕਿ ਜੰਗਲੀ ਸੂਰ ਆਦਿ ਪੰਜਾਬ ਰਾਜ ਦੇ ਵਿਭਾਗ ''ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ'' ਅਧੀਨ ਆਉਂਦੇ ਹਨ। ਇਸ ਲਈ ਜੰਗਲੀ ਸੂਰ ਪ੍ਰਬੰਧਨ ਸੰਬੰਧੀ ਦਿਸ਼ਾ-ਨਿਰਦੇਸ਼/ਨੀਤੀਆਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਧੀਨ ਆਉਂਦੀਆਂ ਹਨ। ਇਸ ਲਈ ਜੰਗਲੀ ਸੂਰਾਂ ਦੀ ਆਬਾਦੀ ਅਤੇ ਇਸ ਦੇ ਨੁਕਸਾਨ ਬਾਰੇ ਕੋਈ ਵੀ ਜਾਣਕਾਰੀ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਨਾਲ ਸਾਂਝੀ ਕੀਤੀ ਜਾਣੀ ਚਾਹੀਦੀ ਹੈ।

"ਭਾਰਤ ਬਦਲ ਰਿਹਾ ਹੈ ਅਤੇ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਅੱਜ ਲੋਕਾਂ ਦਾ ਆਤਮਵਿਸ਼ਵਾਸ, ਸਰਕਾਰ ਦੇ ਪ੍ਰਤੀ ਉਨ੍ਹਾਂ ਦਾ ਵਿਸ਼ਵਾਸ ਅਤੇ ਨਵੇਂ ਭਾਰਤ ਦੇ ਨਿਰਮਾਣ ਦਾ ਸੰਕਲਪ ਚਾਰੇ ਪਾਸੇ ਦਿਖਦਾ ਹੈ।"
- ਪ੍ਰਧਾਨ ਮੰਤਰੀ, ਨਰੇਂਦਰ ਮੋਦੀ

ਯੁਵਾ

ਮੁਦਰਾ ਯੋਜਨਾ ਨਾਲ ਯੁਵਾ ਉੱਦਮੀਆਂ ਦੇ ਲਈ ਲੋਨ
ਯੁਵਾ ਭਾਰਤ ਦੇ ਸੁਪਨਿਆਂ ਨੂੰ ਖੰਭ ਦੇਣ ਅਤੇ ਆਤਮਨਿਰਭਰਤਾ ਦੇ ਅਵਸਰ ਪੈਦਾ ਕਰਨ ਲਈ ₹ 26 ਲੱਖ ਕਰੋੜ ਤੋਂ ਜ਼ਿਆਦਾ ਦੇ 45 ਕਰੋੜ ਲੋਨ ਮਨਜ਼ੂਰ

ਸਟਾਰਟਅੱਪਸ ਇੰਡੀਆ ਦੇ ਤਹਿਤ ਸਟਾਰਟ ਅੱਪ ਦੇ ਮਾਧਿਅਮ ਨਾਲ ਰੋਜ਼ਗਾਰ ਸਿਰਜਣ
100 ਤੋਂ ਜ਼ਿਆਦਾ ਯੂਨੀਕੌਰਨਸ ਦੇ ਨਾਲ ਭਾਰਤ ਦੁਨੀਆਂ ਦੇ ਟੌਪ 3 ਸਟਾਰਟਅੱਪ ਈਕੋਸਿਸਟਮ ਵਾਲੇ ਦੇਸ਼ਾਂ ਵਿੱਚ ਸ਼ਾਮਲ ਅਤੇ 1.14 ਲੱਖ ਸਟਾਰਟਅੱਪਸ ਭਾਰਤ ਦੇ ਮਹੱਤਵ ਅਕਾਂਖੀ ਨੌਜਵਾਨਾਂ ਦੇ ਲਈ 12 ਲੱਖ ਤੋਂ ਜ਼ਿਆਦਾ ਨੌਕਰੀਆਂ ਸਿਰਜ ਰਹੇ ਹਨ

ਖੇਡ ਜਗਤ ਵਿੱਚ ਖੁੱਲ੍ਹੇ ਨਵੇਂ ਦਵਾਰ
ਖੇਲੋ ਇੰਡੀਆ ਅਤੇ ਟਾਰਗੇਟ ਓਲੰਪਿਕਸ ਪੋਡੀਅਮ ਜਿਹੀਆਂ ਯੋਜਨਾਵਾਂ ਤੋਂ ਪ੍ਰੇਰਿਤ ਹੋ ਕੇ ਟੋਕਿਓ ਓਲੰਪਿਕਸ, ਪੈਰਾਲੰਪਿਕਸ ਅਤੇ ਹਾਂਗਝੂ ਏਸ਼ੀਅਨ ਗੇਮਸ ਵਿੱਚ ਭਾਰਤੀ ਖਿਡਾਰੀਆਂ ਦਾ ਹੁਣ ਤੱਕ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ

ਅੰਨਦਾਤਾ

ਪੀਐੱਮ ਕਿਸਾਨ ਸੰਮਾਨ ਨਿਧੀ ਨਾਲ ਖੁਸ਼ਹਾਲ ਕਿਸਾਨ
ਕਿਸਾਨਾਂ ਨੂੰ ਹਰ ਵਰ੍ਹੇ ₹ 6000 ਦੀ ਸੁਨਿਸ਼ਚਿਤ ਆਮਦਨ; ਹੁਣ ਤੱਕ 11.8 ਕਰੋੜ ਕਿਸਾਨਾਂ ਨੂੰ ₹ 2.8 ਲੱਖ ਕਰੋੜ ਦੀ ਸਹਾਇਤਾ ਨਾਲ ਵਿੱਤੀ ਸੁਰੱਖਿਆ

ਕਿਸਾਨ ਕ੍ਰੈਡਿਟ ਕਾਰਡ ਨਾਲ ਤਤਕਾਲ ਲੋਨ ਦੀ ਸੁਵਿਧਾ
ਕਿਸਾਨ ਕ੍ਰੈਡਿਟ ਕਾਰਡ (KCC) ਨਾਲ 7.3 ਕਰੋੜ ਤੋਂ ਜ਼ਿਆਦਾ ਕਿਸਾਨਾਂ ਨੂੰ ₹ 9 ਲੱਖ ਕਰੋੜ ਦਾ ਲੋਨ; ਇੱਕ ਸੁਰੱਖਿਆ ਕਵਚ ਜੋ ਉਨ੍ਹਾਂ ਦੀਆਂ ਫ਼ਸਲਾਂ ਨੂੰ ਸਹਾਰਾ ਦਿੰਦਾ ਹੈ ਅਤੇ ਉਨ੍ਹਾਂ ਨੂੰ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਦੇ ਲਈ ਸਸ਼ਕਤ ਬਣਾਉਂਦਾ ਹੈ

ਐਗਰੀਕਲਚਰ ਇਨਫ੍ਰਾਸਟ੍ਰਕਚਰ ਫੰਡ ਨਾਲ ਖੇਤੀ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਣ
ਐਗਰੀਕਲਚਰ ਇਨਫ੍ਰਾਸਟ੍ਰਕਚਰ ਫੰਡ ਦੇ ਤਹਿਤ ₹ 1 ਲੱਖ ਕਰੋੜ ਦੇ ਨਿਵੇਸ਼ ਨੂੰ ਮਨਜ਼ੂਰੀ, ਖੇਤੀਬਾੜੀ ਪਦਤੀਆਂ ਨੂੰ ਆਧੁਨਿਕ ਬਣਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ

...ਤਾ ...ਕਤੀ ਦਾ ਸਸ਼ਕਤੀਕਰਣ

...ਨਰੇਂਦਰ ਮੋਦੀ ਨੇ ਰਾਸ਼ਟਰ ਦੇ ...ਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ, ...ੀ ਉਨ੍ਹਾਂ ਨੇ ਸਾਨੂੰ GYAN: ਗਰੀਬ, ...ਤਾ ਅਤੇ ਨਾਰੀ ਸ਼ਕਤੀ 'ਤੇ ਧਿਆਨ ...ਦਾ ਰੋਡਮੈਪ ਦਿੱਤਾ ਹੈ।

ਨਾਰੀ ਸ਼ਕਤੀ

ਮਹਿਲਾਵਾਂ ਦੇ ਲਈ ਕਮਿਊਨਿਟੀ ਸਹਾਇਤਾ
10 ਕਰੋੜ ਤੋਂ ਜ਼ਿਆਦਾ ਮਹਿਲਾਵਾਂ ਸਵੈ ਸਹਾਇਤਾ ਸਮੂਹਾਂ ਨਾਲ ਜੁੜੀਆਂ; 2 ਕਰੋੜ ਮਹਿਲਾਵਾਂ ਨੂੰ ਲਖਪਤੀ ਦੀਦੀ ਬਣਾਉਣ ਦਾ ਸੰਕਲਪ

ਸੁਕੰਨਿਆ ਸਮ੍ਰਿੱਧੀ ਯੋਜਨਾ ਨਾਲ ਬੇਟੀਆਂ ਦੇ ਲਈ ਵਿੱਤੀ ਸੁਰੱਖਿਆ
10 ਵਰ੍ਹੇ ਤੋਂ ਘੱਟ ਉਮਰ ਦੀ ਹਰ ਬੇਟੀ ਦਾ ਭਵਿੱਖ ਸੁਰੱਖਿਅਤ ਕਰਨ ਲਈ 3.2 ਕਰੋੜ ਸੁਕਿੰਨਿਆ ਸਮ੍ਰਿੱਧੀ ਖਾਤੇ ਖੁੱਲੇ, ਇੱਕ ਸਸ਼ਕਤ ਭਵਿੱਖ ਦਾ ਵਾਅਦਾ

ਜਲ ਜੀਵਨ ਮਿਸ਼ਨ ਨਾਲ ਸਵੱਛ ਪੇਅਜਲ
14 ਕਰੋੜ ਤੋਂ ਜ਼ਿਆਦਾ ਪਰਿਵਾਰਾਂ ਦੇ ਲਈ ਨਲ ਤੋਂ ਸਵੱਛ ਪੇਅਜਲ ਉਪਲੱਬਧ, ਜਿਸ ਨਾਲ ਗ੍ਰਾਮੀਣ ਖੇਤਰਾਂ ਦੀਆਂ ਸਾਰੀਆਂ ਮਹਿਲਾਵਾਂ ਅਤੇ ਪਰਿਵਾਰਾਂ ਦੀ ਬਿਹਤਰ ਸਿਹਤ ਅਤੇ ਭਲਾਈ ਸੁਨਿਸ਼ਚਿਤ

cbc 22201/13/0233/2324

**ਪਸ਼ੂਆਂ ਦੇ ਸਰੀਰਕ ਵਿਕਾਸ ਲਈ ਪਸ਼ੂ ਖੁਰਾਕ ਦੀ ਅਹਿਮ ਭੂਮਿਕਾ ਹੁੰਦੀ ਹੈ। ਪਸ਼ੂ ਖੁਰਾਕ ਵਿਚ ਹਰਾ ਚਾਰਾ ਅਤੇ ਵੰਡ ਸ਼ਾਮਿਲ ਹੁੰਦੇ ਹਨ। ਵਾਧੇ ਅਧੀਨ ਜਾਨਵਰਾਂ ਨੂੰ ਭਰਪੂਰ ਮਾਤਰਾ ਵਿਚ ਹਰੇ ਪੱਠੇ ਮਿਲਦੇ ਚਾਹੀਦੇ ਹਨ।**

# ਝੋਟੀਆਂ ਵਹਿੜੀਆਂ ਦੀ ਸਾਂਭ-ਸੰਭਾਲ

**ਡਾ. ਰਮਨਦੀਪ ਸਿੰਘ ਬਰਾੜ,**
**ਸ੍ਰੀ ਮੁਕਤਸਰ ਸਾਹਿਬ**

ਝੋਟੀਆਂ ਵਹਿੜੀਆਂ ਡੇਅਰੀ ਫਾਰਮਿੰਗ ਦੇ ਧੰਦੇ ਦੀ ਜੜ੍ਹ ਹਨ। ਸਫਲ ਫਾਰਮਿੰਗ ਲਈ ਲਗਾਤਾਰ ਨਵੇਂ ਪਸ਼ੂ ਵੱਗ ਵਿਚ ਸ਼ਾਮਿਲ ਕਰਨੇ ਪੈਂਦੇ ਹਨ ਅਤੇ ਘੱਟ ਉਤਪਾਦਨ ਵਾਲੇ ਪਸ਼ੂਆਂ ਦੀ ਛਾਂਟੀ ਕਰਨੀ ਪੈਂਦੀ ਹੈ। ਜੇਕਰ ਅਸੀਂ ਆਪਣੀਆਂ ਝੋਟੀਆਂ/ਵਹਿੜੀਆਂ ਪੈਦਾ ਨਹੀਂ ਕਰਦੇ ਤਾਂ ਸਾਨੂੰ ਬਦਲਵੇਂ ਜਾਨਵਰ ਬਾਹਰੋਂ ਖ੍ਰੀਦਣੇ ਪੈਣਗੇ ਜੋ ਕਿ ਮਹਿੰਗਾ ਸੌਦਾ ਸਾਬਤ ਹੋ ਸਕਦਾ ਹੈ। ਆਮ ਤੌਰ ਤੇ ਕਿਸਾਨ ਛੋਟੇ ਬੱਚਿਆਂ ਦੀ ਉਦੋਂ ਤੱਕ ਸਾਂਭ-ਸੰਭਾਲ ਕਰਦੇ



ਪੈਂਦੇ ਹਨ ਜਦੋਂ ਤੱਕ ਉਹ ਦੁੱਧ ਚੁੰਘਦੇ ਹਨ ਅਤੇ ਉਸਤੋਂ ਬਾਦ ਉਹਨਾਂ ਦਾ ਬਣਦਾ ਖਿਆਲ ਨਹੀਂ ਰੱਖਿਆ ਜਾਂਦਾ। ਅਜਿਹੇ ਬੱਚੇ ਆਪਣੀ ਸਾਰੀ ਉਮਰ ਪੂਰੀ ਸਮਰਥਾ ਮੁਤਾਬਕ ਦੁੱਧ ਨਹੀਂ ਦੇ ਸਕਦੇ। ਚੰਗੀਆਂ ਕੱਟੀਆਂ ਵੱਛੀਆਂ ਦਾ ਅਰਥ ਹੈ ਕਿ ਸਾਡੇ ਕੋਲ ਚੰਗੇ ਦੁਧਾਰੂ ਪਸ਼ੂ ਹੋਣਗੇ ਜੋ ਜ਼ਿਆਦਾ ਬੱਚੇ ਦੇਣਗੇ ਅਤੇ ਜ਼ਿਆਦਾ ਦੁੱਧ ਉਤਪਾਦਨ ਹੋਵੇਗਾ। ਝੋਟੀਆਂ ਅਤੇ ਵਹਿੜਾਂ ਪਾਲਣ ਦਾ ਉਦੇਸ਼ ਸਿਰਫ ਬਦਲਵੇਂ ਪਸ਼ੂਆਂ ਦਾ ਹੀ ਨਹੀਂ ਹੈ ਸਗੋਂ ਜੇਕਰ ਸਾਡੇ ਕੋਲ ਵਧੀਆ ਪਸ਼ੂ ਹੋਣਗੇ ਤਾਂ ਉਹਨਾਂ ਨੂੰ ਅਸੀਂ ਸਿੱਧਾ ਹੀ ਵੇਚ ਸਕਦੇ ਹਾਂ। ਇਸ ਕਿੱਤੇ ਵਿਚ ਖੁਰਾਕ ਨੂੰ ਨਕਦ ਰਾਸ਼ੀ ਵਿਚੋਂ ਬਦਲਣ ਦਾ ਸਭ ਤੋਂ ਵਧੀਆ ਸਮਾਂ ਛੋਟੇ ਬੱਚਿਆਂ ਤੋਂ ਝੋਟੀਆਂ/ਵਹਿੜਾਂ ਬਨਣ ਤੱਕ ਦਾ ਹੈ। ਇਸ ਸਮੇਂ ਦੁੱਧ ਉਤਪਾਦਨ ਤੋਂ ਵੀ ਜ਼ਿਆਦਾ ਕਮਾਈ ਕੀਤੀ ਜਾ ਸਕਦਾ ਹੈ। ਇਸ ਤੋਂ ਇਲਾਵਾ ਚੰਗੀ ਸਾਂਭ ਸੰਭਾਲ ਦੇ ਸਿਰ ਤੇ ਇਕ ਪਸ਼ੂ ਤੋਂ ਵੱਧ ਤੋਂ ਵੱਧ ਸੂਏ ਲਏ ਜਾ ਸਕਦੇ ਹਨ। ਜਵਾਨ ਹੋ ਰਹੇ ਪਸ਼ੂਆਂ ਦੀ ਸਾਂਭ ਸੰਭਾਲ ਅਜਿਹੀ ਹੋਣੀ ਚਾਹੀਦੀ ਹੈ ਕਿ ਵਹਿੜੀਆਂ 15 ਮਹੀਨਿਆਂ ਦੀ ਉਮਰ ਤੱਕ ਜਵਾਨ ਹੋ ਕੇ 20 ਮਹੀਨਿਆਂ ਤੱਕ ਗੱਭਣ ਹੋਣ ਉਪਰੰਤ 30 ਮਹੀਨਿਆਂ ਦੀ ਉਮਰ ਤੱਕ ਪਹਿਲਾ ਬੱਚਾ ਪੈਦਾ ਕਰ ਦੇਣ। ਝੋਟੀਆਂ 20 ਮਹੀਨਿਆਂ ਦੀ ਉਮਰ ਤੱਕ ਜਵਾਨ ਹੋ ਕੇ 25 ਮਹੀਨਿਆਂ ਤੱਕ





ਗੱਭਦ ਹੋਣ ਉਪਰੰਤ ਤਿੰਨ ਸਾਲ ਦੀ ਉਮਰ ਤੱਕ ਪਹਿਲਾ ਬੱਚਾ ਪੈਦਾ ਕਰ ਦੇਣ ਅਤੇ ਪਹਿਲੇ ਜਣੇਪੇ 2-3 ਮਹੀਨਿਆਂ ਤੱਕ ਦੁਬਾਰਾ ਹੇਹੇ ਵਿਚ ਆ ਜਾਣ।

ਇਹਨੇ ਪਸ਼ੂਆਂ ਦਾ ਭਾਰ ਇਹਨਾਂ ਦੀ ਉਮਰ ਨਾਲੋਂ ਵਿਕਾਸ ਦਾ ਜ਼ਿਆਦਾ ਵਧੀਆ ਮਾਪਦੰਡ ਹੈ। ਹੇਹੇ ਦੀਆਂ ਪਹਿਲੀਆਂ ਨਿਸ਼ਾਨੀਆਂ ਵੱਛੀਆਂ ਵਿਚੋਂ ਪੂਰੇ ਜਾਨਵਰ ਦੇ 40-60% ਭਾਰ ਅਤੇ ਝੋਟੀਆਂ ਵਿਚ 50-70% ਭਾਰ ਹੋਣ ਤੇ ਦਿਖਾਈ ਦਿੰਦੀਆਂ ਹਨ। ਜੇਕਰ ਸਾਡੀ ਸਾਂਭ-ਸੰਭਾਲ ਸਹੀ ਨਾ ਹੋਵੇ ਤਾਂ ਇਹ ਪਸ਼ੂ ਮਾਪਦੰਡ ਤੇ ਖਰੇ ਨਹੀਂ ਉੱਤਰਦੇ। ਜਿਹਨਾਂ ਜਾਨਵਰਾਂ ਦਾ ਭਾਰ ਨਿਰਧਾਰਤ ਸਮੇਂ ਵਿੱਚ ਇਹਨਾਂ ਮਾਪਦੰਡਾਂ ਮੁਤਾਬਕ ਪੂਰਾ ਨਾ ਹੁੰਦਾ ਹੋਵੇ ਤਾਂ ਉਹਨਾਂ ਦੇ ਗੱਭਣ ਹੋਣ ਦੇ ਆਸਾਰ ਘਟ ਜਾਂਦੇ ਹਨ ਅਤੇ ਸੂਣ ਉਪਰੰਤ ਵੀ ਦੁੱਧ ਅਤੇ ਫੈਟ ਦੀ ਮਾਤਰਾ ਅਨੁਵੰਸ਼ਿਕ ਸਮਰਥਾ ਅਨੁਸਾਰ ਪੂਰੀ ਨਹੀਂ ਹੁੰਦੀ। ਆਦਰਸ਼ ਹਾਲਤਾਂ ਵਿੱਚੋਂ ਇਹਨਾਂ ਪਸ਼ੂਆਂ ਦਾ ਭਾਰ ਹਰ ਰੋਜ 400-700 ਗ੍ਰਾਮ ਤੱਕ ਵਧਣਾ ਚਾਹੀਦਾ ਹੈ। ਜੇਕਰ ਪੂਰੀ ਸਾਂਭ-ਸੰਭਾਲ ਤੇ ਵੀ ਇਸ ਮੁਤਾਬਕ ਵਜਨ ਨਾ ਵਧ ਰਿਹਾ ਹੋਵੇ ਤਾਂ ਮੁੱਖ ਕਾਰਨ ਪੇਟ ਅਤੇ ਜਿਗਰ ਦੇ ਕੀੜੇ ਹੋ ਸਕਦੇ ਹਨ। ਇਸ ਕਰਕੇ ਆਪਣੇ ਵੱਗ ਦੇ ਸਾਰੇ ਹੀ ਪਸ਼ੂਆਂ ਹੀ ਹਰ ਤਿੰਨ ਮਹੀਨੇ ਬਾਦ ਪੇਟ ਅਤੇ ਜਿਗਰ ਦੇ ਕੀੜੇ ਮਾਰਨ ਲਈ ਦਵਾਈ ਦਿੰਦੇ ਰਹਿਣਾ ਚਾਹੀਦਾ ਹੈ। ਚੰਗੀ ਖੁਰਾਕ ਖਾਣ ਵਾਲੇ ਪਸ਼ੂਆਂ ਦਾ ਹੀ ਸਹੀ ਵਿਕਾਸ ਹੁੰਦਾ ਹੈ ਅਤੇ ਉਹ ਬਿਮਾਰੀਆਂ ਤੇ ਖੁਰਾਕੀ ਤੱਤਾਂ ਦੀ ਘਾਟ ਦੇ ਸ਼ਿਕਾਰ ਨਹੀਂ ਹੁੰਦੇ। ਇਹਨਾਂ ਪਸ਼ੂਆਂ ਤੇ ਬਾਹਰੀ ਪਰਜੀਵੀਆਂ ਜਿਵੇਂ ਜੂੰਆਂ, ਚਿੱਚੜ ਆਦਿ ਦਾ ਵੀ ਹਮਲਾ ਹੋ ਸਕਦਾ ਹੈ। ਇਹ ਜੀਵ ਪਸ਼ੂਆਂ ਦਾ ਖੂਨ ਚੂਸਦੇ ਹਨ ਜਿਸ ਨਾਲ ਵਾਧੇ ਤੇ ਬਹੁਤ ਅਸਰ ਹੁੰਦਾ ਹੈ। ਇਸ ਕਰਕੇ ਬਾਹਰੀ ਪਰਜੀਵੀਆਂ ਨੂੰ ਮਾਰਨ ਵਾਲੀਆਂ ਦਵਾਈਆਂ ਦਾ ਛਿੜਕਾਅ ਵੀ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਵਿਕਾਸ ਅਤੇ ਵਾਧੇ ਦੀ ਦਰ ਨੂੰ ਜਾਂਚਣ ਲਈ ਪਸ਼ੂਆਂ ਦਾ ਵਜ਼ਨ ਨਿਯਮਤ ਤੌਰ ਤੇ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਕਿਸਮ ਵੀ ਘਾਟ ਸਾਹਮਣੇ ਆਉਣ ਤੇ ਬਣਦੇ ਇੰਤਜ਼ਾਮ ਕੀਤੇ ਜਾ ਸਕਣ ਅਤੇ ਨੁਕਸਾਨ ਤੋਂ ਬੱਚਿਆ ਜਾ ਸਕੇ। ਵਹਿੜਾਂ ਅਤੇ ਝੋਟੀਆਂ ਨੂੰ ਸ਼ਾਂਭਣ ਲਈ ਚੰਗੇ ਸ਼ੈੱਡ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਉਮਰ ਵਰਗ ਦੇ ਪਸ਼ੂਆਂ ਵਿਚ ਖੁਰਾਕ, ਪਾਣੀ, ਬੈਠਣ ਦੀ ਥਾਂ ਨੂੰ ਲੈ ਕੇ ਕਾਫੀ ਸੰਘਰਸ਼ ਹੁੰਦਾ ਹੈ। ਇਸ ਸੰਘਰਸ਼ ਵਿੱਚ ਕਈ ਵਾਰ ਜਾਨਵਰ ਇਕ ਦੂਜੇ ਨਾਲ ਲੜ ਕੇ ਜ਼ਖਮੀ ਵੀ ਕਰ ਸਕਦੇ ਹਨ। ਸੋ ਸ਼ੈਡ ਵਿਚ ਜਾਨਵਰਾਂ ਦੀ ਗਿਣਤੀ ਮੁਤਾਬਕ ਥਾਂ ਵੀ ਉਪਲਬਧ ਹੋਣੀ ਚਾਹੀਦੀ ਹੈ।

ਪਸ਼ੂਆਂ ਦੇ ਸਰੀਰਕ ਵਿਕਾਸ ਲਈ ਪਸ਼ੂ ਖੁਰਾਕ ਦੀ ਅਹਿਮ ਭੂਮਿਕਾ ਹੁੰਦੀ ਹੈ। ਪਸ਼ੂ ਖੁਰਾਕ ਵਿਚ ਹਰਾ ਚਾਰਾ ਅਤੇ ਵੰਡ ਸ਼ਾਮਿਲ ਹੁੰਦੇ ਹਨ। ਵਾਧੇ ਅਧੀਨ ਜਾਨਵਰਾਂ ਨੂੰ ਭਰਪੂਰ ਮਾਤਰਾ ਵਿਚ ਹਰੇ ਪੱਠੇ ਮਿਲਦੇ ਚਾਹੀਦੇ ਹਨ। ਹਰੇ ਪੱਠਿਆਂ ਵਿਚ ਕੁੱਲ ਪਚਣਯੋਗ ਤੱਤਾਂ ਦੀ ਮਾਤਰਾ 70-75% ਤੱਕ ਹੋਣੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਹਰੇ ਚਾਰੇ ਦੀ ਸਹੀ ਸਮੇਂ 'ਤੇ ਕਟਾਈ ਕਰਦੇ ਪਸ਼ੂਆਂ ਨੂੰ ਚਾਰੀਏ। ਵਕਤ ਲੰਘਣ ਤੋਂ ਮਗਰੋਂ ਕੱਟੇ ਗਏ ਚਾਰੇ ਵਿਚ ਪਚਣਯੋਗ ਮਾਦਾ ਘੱਟ ਹੋਵੇਗਾ ਅਜਿਹਾ ਚਾਰਾ ਪੇਟ ਤਾਂ ਭਰ ਦੇਵੇਗਾ ਪਰ ਪੌਸ਼ਕ ਤੱਤਾਂ ਦੀ ਕਮੀ ਹੋ ਜਾਂਦੀ ਹੈ। ਜੇਕਰ ਸਾਡੇ ਕੋਲ ਤਾਜ਼ਾ ਹਰਾ ਚਾਰਾ ਉਪਲਬਧ ਨਾ ਹੋਵੇ ਤਾਂ ਪਹਿਲਾਂ ਤੋਂ ਤਿਆਰ ਕਰਕੇ ਰੱਖਿਆ ਗਿਆ ਹੇਅ ਅਤੇ ਪੱਠਿਆਂ ਦਾ ਅਚਾਰ ਵਰਤਿਆ ਜਾ ਸਕਦਾ ਹੈ। ਖਿਆਲ ਰੱਖਣ ਵਾਲੀ ਗੱਲ ਹੈ ਕਿ ਅਚਾਰ ਛੇ ਮਹੀਨਿਆਂ ਤੋਂ ਘੱਟ ਉਮਰ ਦੇ ਪਸ਼ੂਆਂ ਨੂੰ ਨਾ ਚਾਰਿਆ ਜਾਵੇ ਅਤੇ ਇਹ ਉੱਲੀ/ਗੰਦਗੀ ਤੋਂ ਰਹਿਤ ਹੋਣਾ ਚਾਹੀਦਾ ਹੈ। ਹਰੇ ਚਾਰੇ ਦੀ ਘਾਟ ਹੋਣ ਦੀ ਸੂਰਤ ਵਿਚ ਖੁਰਾਕੀ ਅੰਸ਼ਾਂ ਦੀ ਪੂਰਤੀ ਵੰਡ ਦੇ ਕੇ ਕੀਤੀ ਜਾ ਸਕਦੀ ਹੈ। ਜਾਨਵਰਾਂ ਦਾ ਸਭ ਤੋਂ ਅਹਿਮ ਪੋਸ਼ਕ ਤੱਤ ਪਾਣੀ ਹੈ। ਇਸ ਕਰਕੇ ਸਾਫ ਸੁੱਥਰਾ ਪਾਣੀ ਹਰ ਸਮੇਂ ਉਪਲਬਧ ਹੋਣਾ ਚਾਹੀਦਾ ਹੈ। ਪਾਣੀ ਵਾਲੀ ਖੇਲ ਕਾਈ ਆਦਿ ਤੋਂ ਰਹਿਤ ਹੋਣੀ ਚਾਹੀਦੀ ਹੈ।

ਸਰਦੀ ਦੀ ਰੁੱਤ ਵਿੱਚ ਪਸ਼ੂਆਂ ਹੇਠ ਤੂੜੀ, ਪਰਾਲੀ ਦੀ ਸੁੱਕ ਪਾ ਦੇਣੀ ਚਾਹੀਦੀ ਹੈ। ਲੋੜ ਮੁਤਾਬਕ ਹਵਾ ਰੋਧੀ ਪਰਦੇ ਵੀ ਵਰਤੇ ਜਾ ਸਕਦੇ ਹਨ। ਗਰਮੀ ਦੀ ਰੁੱਤ ਵਿੱਚ ਸ਼ੈਡ ਵਿੱਚ ਤਾਜ਼ੀ ਹਵਾ ਆਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਲੋੜ ਪੈਣ ਤੇ ਪੱਖਿਆਂ, ਕੂਲਰਾਂ ਦਾ ਪ੍ਰਬੰਧ ਹੋ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਪਸ਼ੂ ਪਾਲਣ ਵਿਭਾਗ ਵੱਲੋਂ ਸਮੇਂ ਸਮੇਂ ਤੇ ਪਸ਼ੂਆਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਨ ਕੀਤਾ ਜਾਂਦਾ ਹੈ। ਆਪਣੇ ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਸਾਰੇ ਹੀ ਟੀਕੇ ਲਗਵਾਉਣ ਚਾਹੀਦੇ ਹਨ। ਕਿਸੇ ਵੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਨੇੜੇ ਦੀ ਪਸ਼ੂ ਸਿਹਤ ਸੰਸਥਾ ਨਾਲ ਤੁਰੰਤ ਹੀ ਤਾਲਮੇਲ ਕਰਨਾ ਚਾਹੀਦਾ ਹੈ।

# ਕੁਪੋਸ਼ਣ ਤੋਂ ਛੁਟਕਾਰਾ ਪਾਉਣ ਲਈ ਸੋਇਆਬੀਨ ਅਪਣਾਓ

ਸੋਇਆਬੀਨ ਵਿਚ ਭਰਪੂਰ ਮਾਤਰਾ ਵਿਚ ਮੌਜੂਦ ਉੱਚ ਗੁਣਵੱਤਾ ਵਾਲੇ ਪ੍ਰੋਟੀਨ ਨਾਲ ਕੁਪੋਸ਼ਣ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਸੰਸਾਰ ਵਿਚ ਪ੍ਰੋਟੀਨ ਦਾ ਸਭ ਤੋਂ ਸਸਤਾ ਸਰੋਤ ਹੈ। ਸੋਇਆਬੀਨ ਵਿਚ ਤਕਰੀਬਨ 40 ਫੀਸਦੀ ਪ੍ਰੋਟੀਨ ਹੁੰਦਾ ਹੈ। ਇਸ ਵਿਚ ਮੂੰਗਫਲੀ, ਦਾਲ ਮਾਸ ਅਤੇ ਮੱਛੀ ਤੋਂ ਦੁੱਗਣਾ, ਅੰਡੇ ਤੋਂ ਤਿੰਨ ਗੁਣਾ ਅਤੇ ਦੁੱਧ ਤੋਂ ਤਕਰੀਬਨ 10 ਗੁਣਾ ਜ਼ਿਆਦਾ ਪ੍ਰੋਟੀਨ ਹੁੰਦਾ ਹੈ। ਸੋਇਆਬੀਨ ਤੋਂ ਪ੍ਰਾਪਤ ਪ੍ਰੋਟੀਨ ਹੋਰ ਬਨਸਪਤੀ ਪ੍ਰੋਟੀਨਾਂ ਤੋਂ ਉੱਤਮ ਹੁੰਦਾ ਹੈ ਅਤੇ ਸਿਹਤ ਲਈ ਲਾਭਦਾਇਕ ਹੈ। ਸੋਇਆਬੀਨ ਵਿਚ 20% ਤੇਲ ਹੁੰਦਾ ਹੈ ਜੋ ਕਿ ਕੋਲੈਸਟ੍ਰੋਲ ਰਹਿਤ ਹੁੰਦਾ ਹੈ ਜਿਹੜਾ ਦਿਲ ਦੇ ਰੋਗਾਂ ਤੋਂ ਪੀੜਿਤ ਲੋਕਾਂ ਲਈ ਬਹੁਤ ਵਧੀਆ ਹੈ। ਇਸ ਤੋਂ ਇਲਾਵਾ ਇਸ ਵਿਚ ਉਚਿਤ ਮਾਤਰਾ ਵਿਚ ਖਣਿਜ ਅਤੇ ਵਿਟਾਮਿਨ ਹੁੰਦੇ ਹਨ। ਸੋਇਆਬੀਨ ਵਿਚਲੇ ਆਈਸੋਫਲੋਵੇਨਜ਼ ਅਤੇ ਜੈਨੀਸਟੇਨ, ਕੈਂਸਰ ਦੀ ਰੋਕਥਾਮ ਵਿਚ ਬਹੁਤ ਸਹਾਇਕ ਹੈ। ਜਿਨ੍ਹਾਂ ਬੱਚਿਆਂ ਜਾਂ ਵਿਅਕਤੀਆਂ ਨੂੰ ਗਾਂ ਜਾਂ ਮੱਝ ਦਾ ਦੁੱਧ, ਉਸ ਵਿਚ ਮੌਜੂਦ ਲੈਕਟੋਜ ਕਾਰਨ ਹਜ਼ਮ ਨਹੀਂ ਹੁੰਦਾ, ਉਨ੍ਹਾਂ ਲਈ ਸੋਇਆਬੀਨ ਦਾ ਦੁੱਧ ਇਕ ਵਧੀਆ ਬਦਲ ਹੈ। ਇਹ ਇਕ ਰੇਸ਼ੇ ਯੁਕਤ ਖਾਧ ਪਦਾਰਥ ਦਾ ਵਧੀਆ ਸਰੋਤ ਵੀ ਹੈ।



ਸੋਇਆਬੀਨ ਨੂੰ ਵੱਖ-ਵੱਖ ਤਰ੍ਹਾਂ ਨਾਲ ਖੁਰਾਕ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ ਜਿਵੇਂ ਸੋਇਆ ਆਟਾ, ਸੋਇਆ ਦੁੱਧ, ਸੋਇਆ ਦਹੀਂ, ਸੋਇਆ ਪਨੀਰ, ਸੋਇਆ ਆਈਸਕ੍ਰੀਮ ਆਦਿ। ਸੋਇਆਬੀਨ ਦੇ ਦਾਣਿਆਂ ਤੋਂ ਸੋਇਆ ਨਮਕੀਨ ਅਤੇ ਸੋਇਆ ਆਟੇ ਤੋਂ ਮੱਠੀ ਆਦਿ ਪੌਸ਼ਟਿਕ ਵਿਅੰਜਨ ਤਿਆਰ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਸੋਇਆਬੀਨ ਤੋਂ ਬੇਕਡ ਖਾਧ ਪਦਾਰਥ ਜਿਵੇਂ ਸੋਇਆ ਬਿਸਕੁਟ, ਸੋਇਆ ਬ੍ਰੈਡ ਆਦਿ ਤਿਆਰ ਕੀਤੇ ਜਾ ਸਕਦੇ ਹਨ।

ਸੋਇਆਬੀਨ ਦਾ ਆਟਾ ਬਣਾਉਣ ਵੇਲੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ। ਸੋਇਆਬੀਨ ਵਿਚ ਕੁਝ ਬੇਲੋੜੇ ਤੱਤ ਹੁੰਦੇ ਹਨ ਜਿਨ੍ਹਾਂ ਨੂੰ ਨਸ਼ਟ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ ਤਾਂ ਜੋ ਇਸ ਵਿਚ ਮੌਜੂਦ ਪੌਸ਼ਟਿਕ ਤੱਤ ਸਰੀਰ ਨੂੰ ਮਿਲ ਸਕਣ। ਇਹਨਾਂ ਬੇਲੋੜੇ ਤੱਤਾਂ ਨੂੰ ਖਤਮ ਕਰਨ ਲਈ ਸੋਇਆਬੀਨ ਦਾ ਆਟਾ ਬਣਾਉਣ ਲਈ ਪਿਸਾਈ ਤੋਂ ਪਹਿਲਾਂ ਸੋਇਆਬੀਨ ਨੂੰ ਉਬਾਲ ਕੇ ਸੁਕਾਉਣ ਦੀ ਪ੍ਰਕਿਰਿਆ ਬਹੁਤ ਜ਼ਰੂਰੀ ਹੈ। ਸੋਇਆਬੀਨ ਦੇ ਆਟੇ ਦੀ ਕਣਕ ਜਾਂ ਹੋਰ ਕਿਸੇ ਵੀ ਅਨਾਜ ਦੇ ਆਟੇ ਨਾਲ ਮਿਲਾ ਕੇ ਵਰਤੋਂ ਕੀਤੀ ਜਾ ਸਕਦੀ ਹੈ। ਸ਼ੁਰੂ ਵਿਚ 10 ਫੀਸਦੀ ਭਾਵ 9 ਕਿਲੋ ਸਾਧਾਰਣ ਆਟੇ ਨਾਲ 1 ਕਿਲੋ ਸੋਇਆਬੀਨ ਦਾ ਆਟਾ ਮਿਲਾ ਕੇ ਸ਼ੁਰੂਆਤ ਕੀਤੀ ਜਾ ਸਕਦੀ ਹੈ। ਹੌਲੀ-ਹੌਲੀ 30 ਫੀਸਦੀ ਭਾਵ 3 ਕਿਲੋ ਸੋਇਆਬੀਨ ਦਾ ਆਟਾ 7 ਕਿਲੋ ਦੂਜੇ ਆਟੇ ਵਿਚ ਮਿਲਾ ਕੇ ਵਰਤਿਆ ਜਾ ਸਕਦਾ ਹੈ। ਸੋਇਆਬੀਨ ਨੂੰ ਖੁਰਾਕ ਵਿਚ ਸ਼ਾਮਲ ਕਰਨ ਦਾ ਇਹ ਬਹੁਤ ਵਧੀਆ ਢੰਗ ਹੈ।

ਸੋਇਆਬੀਨ ਤੋਂ ਤਿਆਰ ਕੀਤਾ ਸੋਇਆਬੀਨ ਦਾ ਦੁੱਧ ਨਾ ਸਿਰਫ ਪੌਸ਼ਟਿਕ ਹੁੰਦਾ ਹੈ ਸਗੋਂ ਬਹੁਤ ਹੀ ਸਸਤਾ ਅਤੇ ਆਸਾਨੀ ਨਾਲ ਪਚਣ ਵਾਲਾ ਹੁੰਦਾ ਹੈ। ਇਕ ਕਿਲੋ ਸੋਇਆਬੀਨ ਤੋਂ ਲਗਭਗ 6-8 ਲੀਟਰ ਦੁੱਧ ਤਿਆਰ ਕੀਤਾ ਜਾ ਸਕਦਾ ਹੈ। ਸੋਇਆਬੀਨ ਦੇ ਦੁੱਧ ਵਿਚ 90 ਫੀਸਦੀ ਪਾਣੀ, 2.5 ਫੀਸਦੀ ਚਰਬੀ ਅਤੇ 3.5 ਫੀਸਦੀ ਪ੍ਰੋਟੀਨ ਅਤੇ ਹੋਰ ਪੌਸ਼ਟਿਕ ਪਦਾਰਥ ਹੁੰਦੇ ਹਨ।

ਸੋਇਆਬੀਨ ਦੇ ਦੁੱਧ ਤੋਂ ਪਨੀਰ ਵੀ ਬਣਾਇਆ ਜਾ ਸਕਦਾ ਹੈ। ਇਸ ਤੋਂ ਬਣਾਏ ਗਏ ਪਨੀਰ ਵਿਚ 72 ਫੀਸਦੀ ਨਮੀਂ, 14 ਫੀਸਦੀ ਪ੍ਰੋਟੀਨ ਅਤੇ 9 ਫੀਸਦੀ ਚਰਬੀ ਹੁੰਦੀ ਹੈ। ਸੋਇਆ ਪਨੀਰ ਨੂੰ ਪਰਾਂਠੇ, ਪਕੌੜੇ ਅਤੇ ਸਬਜ਼ੀ ਆਦਿ ਬਣਾਉਣ ਲਈ ਵਰਤਿਆ ਜਾ ਸਕਦਾ ਹੈ।

**ਨਵਜੋਤ ਕੌਰ ਢਿੱਲੋਂ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ,**
**ਪੀ. ਏ. ਯੂ., ਲੁਧਿਆਣਾ (ਮੋ. 83609-43171)**

# ਖਰਬੂਜ਼ੇ, ਹਲਵੇ ਕੱਦੂ ਦੀਆਂ ਦੋਗਲੀਆਂ ਕਿਸਮਾਂ ਅਤੇ ਬੀਜ ਉਤਪਾਦਨ

ਸਤਪਾਲ ਸ਼ਰਮਾ, ਮਹਿੰਦਰ ਕੌਰ ਸਿੱਧੂ ਅਤੇ ਅਜਮੇਰ ਸਿੰਘ ਢੱਟ,
ਸਬਜ਼ੀ ਵਿਭਾਗ, ਪੀ. ਏ. ਯੂ., ਲੁਧਿਆਣਾ

ਮਨੁੱਖੀ ਖੁਰਾਕ ਵਿੱਚ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਇੱਕ ਆਪਣਾ ਹੀ ਵਿਲੱਖਣ ਸਥਾਨ ਹੈ। ਪੰਜਾਬ ਵਿੱਚ ਲੱਗਭੱਗ 14.1 ਹਜ਼ਾਰ ਹੈਕਟੇਅਰ ਰਕਬੇ ਵਿੱਚ ਵੇਲਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ, ਜਿਸ ਵਿੱਚੋਂ 2.1 ਲੱਖ ਟਨ ਸਾਲਾਨਾ ਪੈਦਾਵਾਰ ਹੁੰਦੀ ਹੈ। ਖਰਬੂਜ਼ਾ ਅਤੇ ਹਲਵਾ ਕੱਦੂ, ਕੱਦੂ ਜਾਤੀ ਦੀਆਂ





ਅਹਿਮ ਫਸਲਾਂ ਹਨ। ਦੋਵੇਂ ਹੀ ਸਬਜ਼ੀਆਂ ਵਿਟਾਮਿਨ-ਏ (ਬੀਟਾ-ਕੈਰੋਟੀਨ) ਦਾ ਬਹੁਤ ਵਧੀਆ ਸਰੋਤ ਹਨ । ਜਿੱਥੇ ਖਰਬੂਜ਼ਾ ਆਪਣੀ ਅਨੋਖੀ ਮਹਿਕ ਅਤੇ ਰਸੀਲੀ ਮਿਠਾਸ ਕਰਕੇ ਜਾਣਿਆ ਜਾਂਦਾ ਹੈ, ਉਥੇ ਹਲਵੇ ਕੱਦੂ ਦਾ ਪੀਲਾ-ਰੇਸ਼ੇਦਾਰ ਗੁੱਦਾ ਵੰਨ-ਸੁਵੰਨੇ ਤਰੀਕਿਆਂ ਨਾਲ ਪਕਾ ਕੇ ਸਬਜ਼ੀ ਦੇ ਤੌਰ ਤੇ ਮਾਣਿਆ ਜਾਂਦਾ ਹੈ ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪਿਛਲੇ ਸਾਲਾਂ ਦੌਰਾਨ ਖਰਬੂਜ਼ੇ ਦੀਆਂ ਤਿੰਨ (ਐਮ ਐਚ-51, ਐਮ ਐਚ-27 ਅਤੇ ਪੰਜਾਬ ਹਾਈਬ੍ਰਿਡ) ਅਤੇ ਹਲਵੇ ਕੱਦੂ ਦੀਆਂ ਦੋ (ਪੀ ਪੀ ਐੱਚ-1 ਅਤੇ ਪੀ ਪੀ ਐੱਚ-2) ਦੋਗਲੀਆਂ ਕਿਸਮਾਂ ਸਿਫਾਰਿਸ਼ ਕੀਤੀਆਂ ਗਈਆਂ ਹਨ। ਦੋਗਲੀਆਂ ਕਿਸਮਾਂ ਇਕਸਾਰ, ਅਗੇਤੀ ਅਤੇ ਵੱਧ ਉਪਜ ਲਈ ਲਾਹੇਵੰਦ ਰਹਿੰਦੀਆਂ ਹਨ । ਇਸ ਤੋਂ ਇਲਾਵਾ ਹਲਵੇ ਕੱਦੂ ਦੀਆਂ ਛੋਟੇ ਫਲ ਵਾਲੀਆਂ ਦੋਗਲੀਆਂ ਕਿਸਮਾਂ ਸੰਘਣੀ ਖੇਤੀ ਲਈ ਢੁੱਕਵੀਆਂ ਹਨ । ਦੋਗਲੇ ਬੀਜ ਉਤਪਾਦਨ ਲਈ ਕਿਸਾਨ ਨੂੰ ਫਸਲ ਦੀ ਸਫਲ ਕਾਸ਼ਤ ਤੋਂ ਲੈ ਕੇ, ਮਾਪਿਆਂ ਨੂੰ ਪਛਾਨਣ, ਪਰਾਗਣ ਕਿਰਿਆ ਅਤੇ ਬੀਜ ਸੰਭਾਲਣ ਤੱਕ ਪੂਰੀ ਮੁਹਾਰਤ ਹੋਣਾ ਲਾਜ਼ਮੀ ਹੈ। ਇਸ ਜ਼ਰੂਰਤ ਦੇ ਮੱਦੇ ਨਜ਼ਰ, ਇਸ ਲੇਖ ਰਾਹੀਂ ਖਰਬੂਜ਼ੇ ਅਤੇ ਹਲਵੇ ਕੱਦੂ ਦੀਆਂ ਦੋਗਲੀਆਂ ਕਿਸਮਾਂ ਅਤੇ ਉਨ੍ਹਾਂ ਦੇ ਬੀਜ ਉਤਪਾਦਨ ਲਈ ਭਰਪੂਰ ਜਾਣਕਾਰੀ ਸਾਂਝੀ ਕਰਨ ਦਾ ਉਪਰਾਲਾ ਕੀਤਾ ਗਿਆ ਹੈ ।

**ਦੋਗਲੀਆਂ ਕਿਸਮਾਂ : ਖਰਬੂਜ਼ਾ : ਐਮ ਐਚ-51** : ਇਹ ਦੋਗਲੀ ਕਿਸਮ ਸੰਨ 2017 ਵਿੱਚ ਐਮ ਐਮ-5× ਐਮ ਐਮ-1 ਦੇ ਸੁਮੇਲ ਤੋਂ ਤਿਆਰ ਕੀਤੀ ਗਈ ਹੈ । ਇਸ ਦੋਗਲੀ ਕਿਸਮ ਦੀਆਂ ਵੇਲਾਂ ਕਾਫੀ ਲੰਬੀਆਂ ਅਤੇ ਪਤਰਾਲ ਗੂੜ੍ਹੇ ਹਰੇ ਰੰਗ ਦਾ ਹੁੰਦਾ ਹੈ। ਇਸ ਕਿਸਮ ਦੇ ਫਲ ਗੋਲ, ਗੂੜ੍ਹੀ ਹਰੀ ਧਾਰੀ ਵਾਲੇ ਅਤੇ ਦਰਮਿਆਨੀ ਜਾਲੀ ਵਾਲੇ ਹੁੰਦੇ ਹਨ । ਇਸਦੇ ਫਲ ਦਾ ਔਸਤਨ ਭਾਰ 890 ਗ੍ਰਾਮ ਹੁੰਦਾ ਹੈ । ਫਲ ਦਾ ਗੁੱਦਾ ਮੋਟਾ, ਸੁਨਹਿਰੀ, ਰਸੀਲਾ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 12 ਪ੍ਰਤੀਸ਼ਤ ਹੁੰਦੀ ਹੈ । ਇਸ ਕਿਸਮ ਦੇ ਫਲ ਛੇਤੀ ਪੱਕਦੇ ਹਨ ਅਤੇ ਲੁਵਾਈ ਤੋਂ ਤਕਰੀਬਨ 62 ਦਿਨਾਂ ਬਾਅਦ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੇ ਹਨ । ਇਸ ਕਿਸਮ ਦਾ ਅਗੇਤਾ ਝਾੜ੍ਹ ਐਮ ਐੱਚ 27 ਅਤੇ ਪੰਜਾਬ ਹਾਬ੍ਰਿਡ ਦੇ ਮੁਕਾਬਲੇ ਕਰਮਵਾਰ 32% ਅਤੇ 51% ਜ਼ਿਆਦਾ ਹੈ। ਇਸ ਦਾ ਕੁੱਲ ਝਾੜ੍ਹ ਤਕਰੀਬਨ 89 ਕੁਇੰਟਲ ਪ੍ਰਤੀ ਏਕੜ ਹੈ ।

**ਐਮ ਐਚ-27** : ਇਹ ਦੋਗਲੀ ਕਿਸਮ ਸੰਨ 2015 ਵਿੱਚ ਐਮ ਐਸ-1 × ਐਮ ਐਮ ਸਲੈਕਸ਼ਨ-103 ਦੇ ਸੁਮੇਲ ਤੋਂ ਤਿਆਰ ਕਰਕੇ ਸਿਫਾਰਿਸ਼ ਕੀਤੀ ਗਈ ਹੈ । ਇਸ ਦੀਆਂ ਕਾਫੀ ਵੇਲਾਂ ਵੱਧਦੀਆਂ ਹਨ ਅਤੇ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ। ਇਸ ਕਿਸਮ ਦੇ ਫਲ ਗੋਲ, ਗੂੜ੍ਹੀ ਹਰੀ ਧਾਰੀ ਵਾਲੇ ਅਤੇ ਜਾਲੀਦਾਰ ਹੁੰਦੇ ਹਨ । ਇਸਦੇ ਫਲ ਦਾ ਔਸਤਨ ਭਾਰ 856 ਗ੍ਰਾਮ ਹੁੰਦਾ ਹੈ। ਫਲ ਦਾ ਗੁੱਦਾ ਮੋਟਾ, ਸੁਨਹਿਰੀ ਰੰਗ ਦਾ, ਰਸੀਲਾ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 12.5 ਪ੍ਰਤੀਸ਼ਤ ਹੁੰਦੀ ਹੈ । ਇਹ ਕਿਸਮ ਉਖੇੜਾ ਅਤੇ ਜੜ੍ਹ ਗੰਢ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦਾ ਕੁੱਲ ਝਾੜ ਤਕਰੀਬਨ 87.5 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਦੁਰੇਡੇ ਮੰਡੀਕਰਨ ਲਈ ਢੁੱਕਵੀਂ ਹੈ ।

**ਪੰਜਾਬ ਹਾਈਬ੍ਰਿਡ** : ਇਹ ਦੋਗਲੀ ਕਿਸਮ ਸੰਨ 1981 ਵਿੱਚ ਐਮ ਐਸ-1× ਹਰਾ ਮਧੂ ਦੇ ਸੁਮੇਲ ਤੋਂ ਤਿਆਰ ਕਰਕੇ ਸਿਫਾਰਸ਼ ਕੀਤੀ ਗਈ ਹੈ । ਇਸ ਦੀਆਂ ਵੇਲਾਂ ਕਾਫੀ ਵੱਧਦੀਆਂ ਹਨ ਅਤੇ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ । ਇਸ ਕਿਸਮ ਦੇ ਫਲ ਗੋਲ, ਫਿੱਕੀ ਹਰੀ ਧਾਰੀ ਵਾਲੇ ਅਤੇ ਜਾਲੀਦਾਰ ਹੁੰਦੇ ਹਨ । ਇਸ ਦਾ ਗੁੱਦਾ ਸੁਨਹਿਰੀ, ਰਸਦਾਰ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 12 ਪ੍ਰਤੀਸ਼ਤ ਹੁੰਦੀ ਹੈ। ਇਸ ਦੇ ਫਲ ਪੱਕ ਕੇ ਆਪਣੇ ਆਪ ਡੰਡੀ ਤੋਂ ਵੱਖ ਹੋ ਜਾਂਦੇ ਹਨ । ਇਸਦੇ ਫਲ ਦਾ ਔਸਤਨ ਭਾਰ 800 ਗ੍ਰਾਮ ਹੁੰਦਾ ਹੈ । ਇਸ ਨੂੰ ਚਿੱਟਾ ਰੋਗ ਘੱਟ ਲੱਗਦਾ ਹੈ ਅਤੇ ਫਲ ਦੀ ਮੱਖੀ ਵੀ ਘੱਟ ਹਮਲਾ ਕਰਦੀ ਹੈ । ਇਸ ਦਾ ਝਾੜ ਤਕਰੀਬਨ 65 ਕੁਇੰਟਲ ਪ੍ਰਤੀ ਏਕੜ ਹੈ ।

**ਹਲਵਾ ਕੱਦੂ : ਪੀ ਪੀ ਐੱਚ-1 (2016)** : ਇਸ ਦੋਗਲੀ ਕਿਸਮ ਦੀਆਂ ਵੇਲਾਂ ਛੋਟੀਆਂ, ਜਿੰਨਾਂ ਤੇ ਗੰਢਾਂ ਵਿਚਲਾ ਫਾਸਲਾ ਬਹੁਤ ਘੱਟ ਅਤੇ ਪੱਤਰਾਲ ਗੂੜਾ ਹਰਾ ਹੁੰਦਾ ਹੈ । ਇਸ ਦੇ ਫਲ ਛੋਟੇ, ਗੋਲ, ਡੱਬੇ-ਹਰੇ ਹੁੰਦੇ ਹਨ, ਜੋ ਪੱਕਣ ਤੇ ਡੱਬੇ-ਭੂਰੇ ਹੋ ਜਾਂਦੇ ਹਨ। ਇਸ ਦਾ ਬੀਜ ਵਾਲਾ ਖੋਲ ਛੋਟਾ ਅਤੇ ਗੁੱਦਾ ਸੁਨਹਿਰੀ ਹੁੰਦਾ ਹੈ । ਇਹ ਤੁੜਾਈ ਲਈ ਜਲਦੀ ਤਿਆਰ ਹੋ ਜਾਂਦੀ ਹੈ ਅਤੇ ਇਸਦਾ ਔਸਤਨ ਝਾੜ 206 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ ।

**ਪੀ ਪੀ ਐੱਚ-2 (2016)** : ਇਸ ਦੋਗਲੀ ਕਿਸਮ ਦੀਆਂ ਵੇਲਾਂ ਛੋਟੀਆਂ, ਜਿੰਨਾਂ ਤੇ ਗੰਢਾਂ ਵਿਚਲਾ ਫਾਸਲਾ ਬਹੁਤ ਘੱਟ ਅਤੇ ਪੱਤਰਾਲ ਗੂੜਾ ਹਰਾ ਹੁੰਦਾ ਹੈ । ਇਸ ਦੇ ਫਲ ਛੋਟੇ, ਗੋਲ, ਹਲਕੇ-ਹਰੇ ਹੁੰਦੇ ਹਨ, ਜੋ ਪੱਕਣ ਤੇ ਭੂਰੇ ਹੋ ਜਾਂਦੇ ਹਨ । ਇਸ ਦਾ ਬੀਜ ਵਾਲਾ ਖੋਲ ਛੋਟਾ ਅਤੇ ਗੁੱਦਾ ਸੁਨਹਿਰੀ ਹੁੰਦਾ ਹੈ । ਇਹ ਤੁੜਾਈ ਲਈ ਜਲਦੀ ਤਿਆਰ ਹੋ ਜਾਂਦਾ ਹੈ ਅਤੇ ਇਸਦਾ ਔਸਤਨ ਝਾੜ 222 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ ।

**ਕਾਸ਼ਤ ਦੇ ਢੰਗ** : ਖਰਬੂਜ਼ੇ ਅਤੇ ਹਲਵੇ ਕੱਦੂ ਦੀ ਸਫਲ ਕਾਸ਼ਤ ਲਈ ਚੰਗੇ ਮਾਦੇ ਅਤੇ ਜਲ ਨਿਕਾਸੀ ਵਾਲੀ ਵਧੀਆ ਉਪਜਾਊ ਅਤੇ ਮੈਰਾ ਮਿੱਟੀ, ਜਿਸਦੀ ਪੀ ਐੱਚ 6.0 ਤੋਂ 7.0 ਵਿਚਕਾਰ ਹੋਵੇ, ਦੀ ਲੋੜ ਹੁੰਦੀ ਹੈ । ਦੋਗਲੀਆਂ ਕਿਸਮਾਂ ਦੇ ਮਾਪਿਆਂ ਦੀ ਬਿਜਾਈ ਫਰਵਰੀ-ਮਾਰਚ ਵਿੱਚ ਕਰੋ, ਪਰ ਅਗੇਤੀ ਫਸਲ ਲੈਣ ਲਈ ਪਲੱਗ ਵਾਲੀਆਂ ਟਰੇਆਂ ਵਿੱਚ ਜਨਵਰੀ ਦੇ ਦੂਜੇ ਪੰਦਰਵਾੜ੍ਹੇ ਨਰਸਰੀ ਦੀ ਬਿਜਾਈ ਕਰ ਸਕਦੇ ਹੋ। ਬੀਜ ਨੂੰ ਬੀਜਣ ਤੋਂ ਪਹਿਲਾਂ ਕੈਪਟਾਨ ਜਾਂ ਥੀਰਮ ਦਵਾਈ ਲਗਾ ਲਓ । ਅਗੇਤੀ ਪਨੀਰੀ ਲਗਭਗ 20-25 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ । ਜਦੋਂ ਪਨੀਰੀ ਦੇ ਦੋ-ਤਿੰਨ ਪੱਤੇ ਨਿਕਲ ਆਉਣ ਤਾਂ ਇਸ ਨੂੰ ਖੇਤ ਵਿੱਚ ਲਾ ਦਿਉ । ਖਰਬੂਜ਼ੇ ਅਤੇ ਹਲਵੇ ਕੱਦੂ ਦੀਆਂ ਕਾਸ਼ਤਕਾਰੀ ਵਿਧੀਆਂ ਵਿਸਥਾਰ ਪੂਰਵਕ ਰੂਪ ਵਿੱਚ ਸਾਰਣੀ-1 ਦਿੱਤੀਆਂ ਗਈਆਂ ਹਨ ।



**ਖਰਬੂਜ਼ੇ ਦਾ ਦੋਗਲਾ ਬੀਜ ਉਤਪਾਦਨ : ਮਾਦਾ ਅਤੇ ਨਰ ਕਿਸਮਾਂ ਦੀ ਜਾਣ-ਪਹਿਚਾਣ : ਐਮ ਐਮ-5** : ਇਹ ਇੱਕ ਪੁੰਕੇਸਰ ਰਹਿਤ ਮਾਦਾ ਲਾਇਨ ਹੈ । ਇਸ ਕਿਸਮ ਦੇ ਫਲ ਗੋਲ, ਫਿੱਕੀ ਹਰੀ ਧਾਰੀ ਅਤੇ ਜਾਲੀ ਰਹਿਤ ਹੁੰਦੇ ਹਨ। ਇਸ ਦਾ ਗੁੱਦਾ ਸੁਨਹਿਰੀ, ਰਸਦਾਰ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 10 ਪ੍ਰਤੀਸ਼ਤ ਹੁੰਦੀ ਹੈ । ਇਸਦੇ ਫਲ ਦਾ ਔਸਤਨ ਭਾਰ 700 ਗ੍ਰਾਮ ਹੁੰਦਾ ਹੈ । ਇਸ ਕਿਸਮ ਦੇ ਫਲ ਛੇਤੀ ਪੱਕਦੇ ਹਨ ਅਤੇ ਲੁਵਾਈ ਤੋਂ ਤਕਰੀਬਨ 62 ਦਿਨਾਂ ਬਾਅਦ ਪਹਿਲੀ ਤੁ ੜਾਈ ਲਈ ਤਿਆਰ ਹੋ ਜਾਂਦੇ ਹਨ ।

**ਐਮ ਐਸ-1** : ਇਹ ਇੱਕ ਪੁੰਕੇਸਰ ਰਹਿਤ ਮਾਦਾ ਲਾਇਨ ਹੈ । ਇਸ ਕਿਸਮ ਦੇ ਫਲ ਅੰਡਾਕਾਰ ਗੋਲ, ਗੂੜ੍ਹੀ ਹਰੀ ਧਾਰੀ ਅਤੇ ਸੰਘਣੀ ਜਾਲੀ ਵਾਲੇ ਹੁੰਦੇ ਹਨ। ਇਸ ਦਾ ਗੁੱਦਾ ਸੁਨਹਿਰੀ, ਰਸਦਾਰ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 10-12 ਪ੍ਰਤੀਸ਼ਤ ਹੁੰਦੀ ਹੈ । ਇਸਦੇ ਫਲ ਦਾ ਔਸਤਨ ਭਾਰ 700 ਗ੍ਰਾਮ ਹੁੰਦਾ ਹੈ ।

**ਐਮ ਐਮ ਸਲੈਕਸ਼ਨ-103** : ਇਸ ਕਿਸਮ ਦੇ ਫਲ ਗੋਲ, ਗੂੜ੍ਹੀ ਹਰੀ ਧਾਰੀ ਅਤੇ ਜਾਲੀਦਾਰ ਹੁੰਦੇ ਹਨ । ਇਸ ਦਾ ਗੁੱਦਾ ਸੁਨਹਿਰੀ, ਰਸਦਾਰ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 12-13 ਪ੍ਰਤੀਸ਼ਤ ਹੁੰਦੀ ਹੈ । ਇਸਦੇ ਫਲ ਦਾ ਔਸਤਨ ਭਾਰ 1000 ਗ੍ਰਾਮ ਹੁੰਦਾ ਹੈ । ਇਹ ਕਿਸਮ ਉਖੇੜਾ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

**ਐਮ ਐਮ-1** : ਇਸ ਦੀਆਂ ਵੇਲਾਂ ਕਾਫੀ ਵਧਦੀਆਂ ਹਨ ਅਤੇ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ । ਇਸ ਕਿਸਮ ਦੇ ਫਲ ਗੋਲ, ਗੂੜ੍ਹੀ ਹਰੀ ਧਾਰੀ ਅਤੇ ਜਾਲੀਦਾਰ ਹੁੰਦੇ ਹਨ । ਇਸ ਦਾ ਗੁੱਦਾ ਸੁਨਹਿਰੀ, ਰਸਦਾਰ ਅਤੇ ਮਹਿਕ ਭਰਿਆ ਹੁੰਦਾ ਹੈ, ਜਿਸ ਦੇ ਰਸ ਵਿੱਚ ਮਿਠਾਸ ਦੀ ਮਾਤਰਾ 12-0 ਪ੍ਰਤੀਸ਼ਤ ਹੁੰਦੀ ਹੈ । ਇਸਦੇ ਇਕ ਫਲ ਦਾ ਔਸਤਨ ਭਾਰ 850 ਗ੍ਰਾਮ ਹੁੰਦਾ ਹੈ । ਇਹ ਕਿਸਮ ਉਖੇੜਾ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

**ਹਰਾ ਮਧੂ** : ਇਹ ਕਿਸਮ ਪੱਕਣ ਵਿੱਚ ਕੁਝ ਪਿਛੇਤੀ ਹੈ । ਇਸ ਦਾ ਫਲ ਕਾਫੀ ਵੱਡਾ ਹੁੰਦਾ ਹੈ, ਜਿਸਦਾ ਔਸਤ ਭਾਰ ਇੱਕ ਕਿਲੋ ਦੇ ਕਰੀਬ ਹੁੰਦਾ ਹੈ । ਇਹ ਬਹੁਤ ਮਿੱਠੀ ਕਿਸਮ ਹੈ, ਜਿਸ ਦੇ ਰਸ ਵਿੱਚ ਮਿੱਠੇ ਦੀ ਮਾਤਰਾ ਔਸਤਨ 13 ਪ੍ਰਤੀਸ਼ਤ ਹੈ । ਫਲ ਆਕਾਰ ਵਿੱਚ ਗੋਲ ਤੇ ਡੰਡੀ ਵਲੋਂ ਕੁਝ ਉਭਰਿਆ ਹੁੰਦਾ ਹੈ । ਫਲ ਦਾ ਛਿਲਕਾ ਹਲਕੇ ਪੀਲੇ ਰੰਗ ਦਾ ਅਤੇ ਹਰੇ ਰੰਗ ਦੀਆਂ ਧਾਰੀਆਂ ਵਾਲਾ ਹੁੰਦਾ ਹੈ । ਇਸ ਦਾ ਗੁੱਦਾ ਬਹੁਤ ਮੋਟਾ, ਹਰੇ ਰੰਗ ਦਾ ਅਤੇ ਰਸ ਭਰਪੂਰ ਹੁੰਦਾ ਹੈ । ਇਸ ਕਿਸਮ ਦੀ ਔਸਤ ਪੈਦਾਵਾਰ 50 ਕੁਇੰਟਲ ਪ੍ਰਤੀ ਏਕੜ ਹੈ । ਇਸ ਨੂੰ ਕਿਸੇ ਹੱਦ ਤੱਕ ਚਿੱਟਾ ਰੋਗ ਨਹੀਂ ਲੱਗਦਾ ।

**ਖੇਤ, ਫਾਸਲਾ ਅਤੇ ਨਰ-ਮਾਦਾ ਕਿਸਮਾਂ ਦਾ ਅਨੁਪਾਤ** : ਬੀਜ ਉਤਪਾਦਨ ਵਾਲੀ ਜ਼ਮੀਨ ਚੰਗੇ ਨਿਕਾਸ, ਜੈਵਿਕ ਮਾਦਾ ਵਾਲੀ ਅਤੇ ਬਿਮਾਰੀਆਂ ਰਹਿਤ ਹੋਣੀ ਚਾਹੀਦੀ ਹੈ । ਬੀਜ ਉਤਪਾਦਨ ਵਾਲੇ ਖੇਤ ਦਾ ਗੁਆਂਢੀ ਖਰਬੂਜ਼ੇ ਦੀ ਫਸਲ ਜਾਂ ਕੱਦੂ ਜਾਤੀ ਦੇ ਦੂਜੇ ਖੇਤਾਂ (ਫੁੱਟ, ਤਰ, ਵੰਗਾ, ਅਤੇ ਚਿੱਬੜ) ਤੋਂ ਘੱਟੋ-ਘੱਟ 1000 ਮੀਟਰ ਦਾ ਫਾਸਲਾ ਹੋਣਾ ਜ਼ਰੂਰੀ ਹੈ । ਇਹ ਯਕੀਨੀ ਬਣਾਉਣ ਲਈ ਕਿ ਪਰਾਗਣ ਚੋਖੀ ਮਾਤਰਾ ਵਿੱਚ ਮਿਲਦਾ ਰਹੇ, ਮਾਦਾ ਕਿਸਮ ਦੀਆਂ ਦੋ ਕਤਾਰਾਂ ਪਿੱਛੇ ਇੱਕ ਕਤਾਰ ਨਰ ਕਿਸਮ ਦੀ ਲਾਉ ।



**ਓਪਰੇ ਬੂਟੇ ਕੱਢਣਾ ਅਤੇ ਪਰਪਰਾਗਣ** : ਫੁੱਲ ਆਉਣ ਤੋਂ ਪਹਿਲਾਂ, ਫੁੱਲਾਂ ਵੇਲੇ ਅਤੇ ਫਲ ਲੱਗਣ ਵੇਲੇ ਅਲੱਗ ਦਿਸਣ ਵਾਲੇ ਬੂਟੇ ਪੁੱਟ ਦਿੱਤੇ ਜਾਂਦੇ ਹਨ । ਖਰਬੂਜ਼ੇ ਦੀਆਂ ਮਾਦਾ ਕਿਸਮਾਂ ਵਿੱਚ 50% ਪਰਾਗ ਰਹਿਤ ਅਤੇ 50% ਪਰਾਗ ਵਾਲੇ ਬੂਟੇ ਹੁੰਦੇ ਹਨ । ਦੋਗਲੇ ਬੀਜ ਉਤਪਾਦਨ ਲਈ ਸਿਰਫ 50% ਪਰਾਗ ਰਹਿਤ ਬੂਟੇ ਰੱਖ ਕੇ ਬਾਕੀ ਕੱਢ ਦਿੱਤੇ ਜਾਂਦੇ ਹਨ । ਮਾਦਾ ਕਿਸਮਾਂ (ਐਮ ਐਸ-1 ਅਤੇ ਐਮ ਐਸ-5) ਵਿੱਚੋਂ 50% ਪਰਾਗ ਵਾਲੇ ਬੂਟੇ ਕੱਢ ਕੇ ਵਧੀਆ ਦੋਗਲਾ ਬੀਜ ਤਿਆਰ ਹੁੰਦਾ ਹੈ । ਐਮ ਐਸ-1 ਵਿੱਚ ਪਰਾਗ ਰਹਿਤ ਬੂਟਿਆਂ ਦੀ ਪਹਿਚਾਣ ਸਵੇਰੇ 6:30 ਤੋਂ 9:00 ਵਜੇ ਤੱਕ ਕਰਨੀ ਚਾਹੀਦੀ ਹੈ । ਫੁੱਲਾਂ ਨੂੰ ਹੱਥ ਜਾਂ ਕਾਲੇ ਪੇਪਰ ਉੱਪਰ ਲਗਾ ਕੇ ਪਰਾਗ ਦਾ ਪਤਾ ਚੱਲ ਜਾਂਦਾ ਹੈ । ਜੇਕਰ ਫੁੱਲਾਂ ਵਿੱਚੋਂ ਪੀਲੇ ਰੰਗ ਦਾ ਪਰਾਗ ਪਾਊਡਰ ਨਿਕਲ ਆਵੇ ਤਾਂ ਬੂਟੇ ਪੁੱਟ ਦਿੱਤੇ ਜਾਂਦੇ ਹਨ ਅਤੇ ਪਰਾਗ ਰਹਿਤ ਬੂਟਿਆਂ ਨੂੰ ਲੇਬਲ ਲਗਾ ਦਿੱਤੇ ਜਾਂਦੇ ਹਨ । ਪਰੰਤੂ ਐਮ ਐਸ-5 ਕਿਸਮ ਵਿੱਚ ਪਰਾਗ ਰਹਿਤ ਬੂਟਿਆਂ ਦੇ ਨਰ-ਫੁੱਲ ਬਹੁਤ ਹੀ ਨਿਗੂਣੇ ਹੁੰਦੇ ਹਨ ਅਤੇ ਪਰਾਗ ਵਾਲੇ ਬੂਟਿਆਂ ਦੇ ਨਰ-ਫੁੱਲ ਚਮਕਦਾਰ ਪੀਲੇ ਰੰਗ ਦੇ ਅਤੇ ਵੱਡੇ ਹੁੰਦੇ ਹਨ, ਜਿਸ ਕਰਕੇ ਸਾਰਾ ਦਿਨ ਹੀ ਲਗਾਤਾਰ ਬੂਟਿਆਂ ਦੀ ਪਹਿਚਾਣ ਕੀਤੀ ਜਾ ਸਕਦੀ ਹੈ ਅਤੇ ਪਹਿਚਾਣ ਵੀ ਜਲਦੀ ਹੋ ਜਾਂਦੀ । ਬੂਟਿਆਂ ਦੀ ਪਹਿਚਾਣ ਅਤੇ ਲੇਬਲ ਲਗਾਉਣ ਦਾ ਕੰਮ 8-10 ਦਿਨਾਂ ਵਿੱਚ ਪੂਰਾ ਕਰ ਲੈਣਾ ਚਾਹੀਦਾ ਹੈ । ਇਸੇ ਦੌਰਾਨ ਸਾਰੇ ਬੂਟਿਆਂ ਦੀ ਪਹਿਚਾਣ ਪੂਰੀ ਕਰ ਲੈਣੀ ਚਾਹੀਦੀ ਹੈ । ਪਰਾਗ ਰਹਿਤ ਬੂਟਿਆਂ ਨੂੰ ਲੇਬਲ ਲਗਾ ਕੇ ਬਾਕੀ ਬੂਟੇ ਪੁੱਟ ਦਿਉ । ਸ਼ੁਰੂ ਵਿੱਚ ਪਰਾਗ ਵਾਲੇ ਬੂਟੇ ਜ਼ਿਆਦਾ ਮਿਲਦੇ ਹਨ, ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਘੱਟ ਜਾਂਦੀ ਹੈ । ਖਰਬੂਜ਼ੇ ਦਾ ਪਰਪਰਾਗਣ ਮੁੱਖ ਤੌਰ ਤੇ ਮੱਖੀਆਂ ਕਰਦੀਆਂ ਹਨ । ਪਰਪਰਾਗਣ ਕਿਰਿਆ ਨੂੰ ਵਧਾਉਣ ਲਈ 4-5 ਡੱਬੇ ਸ਼ਹਿਦ ਦੀਆਂ ਮੱਖੀਆਂ ਦੇ ਰੱਖ ਲੈਣੇ ਚਾਹੀਦੇ ਹਨ, ਜਿਸ ਨਾਲ ਬੀਜ ਉਤਪਾਦਨ ਵੱਧ ਜਾਂਦਾ ਹੈ ।

**ਹਲਵੇ ਕੱਦੂ ਦਾ ਦੋਗਲਾ ਬੀਜ ਉਤਪਾਦਨ** : ਹਲਵੇ ਕੱਦੂ ਨੂੰ ਨਰ ਅਤੇ ਮਾਦਾ ਅਲੱਗ-2 ਫੁੱਲ ਲੱਗਦੇ ਹਨ, ਇਸ ਲਈ ਦੋਗਲੇ ਬੀਜ ਉਤਪਾਦਨ ਲਈ ਫੁੱਲਾਂ ਦੇ ਖੱਸੀ ਕਰਨ ਦੀ ਜ਼ਰੂਰਤ ਨਹੀਂ ਪੈਂਦੀ । ਮਾਦਾ ਫੁੱਲਾਂ ਦੀ ਪਹਿਚਾਣ ਆਸਾਨੀ ਨਾਲ ਹੋ ਜਾਂਦੀ ਹੈ, ਜਿਨ੍ਹਾਂ ਵਿੱਚ ਪਰਾਗਣ ਵਾਲਾ ਹਿੱਸਾ ਨਹੀਂ ਹੁੰਦਾ ਅਤੇ ਫੁੱਲ ਵੱਡੇ ਹੁੰਦੇ ਹਨ, ਜਦੋਂ ਕਿ ਨਰ ਫੁੱਲਾਂ ਵਿੱਚ ਸਿਰਫ ਪਰਾਗ ਹੁੰਦਾ ਹੈ । ਇਸ ਦੇ ਦੋਗਲੇ ਬੀਜ ਉਤਪਾਦਨ ਲਈ ਮਾਦਾ ਕਿਸਮ ਦੀ ਮਾਦਾ ਡੋਡੀ ਕੱਢ ਕੇ ਦੂਜੇ ਦਿਨ ਨਰ ਕਿਸਮ ਦੇ ਪਰਾਗਣ ਵਾਲੇ ਫੁੱਲਾਂ ਨਾਲ ਪਰਪਰਾਗਣ ਕੀਤਾ ਜਾਂਦਾ ਹੈ ।

ਬਾਕੀ ਸਫਾ 14 'ਤੇ



# ਡੇਅਰੀ ਦਾ ਧੰਦਾ ਸ਼ੁਰੂ ਕਰਨ ਤੋਂ ਪਹਿਲਾਂ ਜਾਣੋ ਇਹ ਗੱਲਾਂ

ਪੰਜਾਬ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਡੇਅਰੀ ਵਿਕਾਸ ਵਿਭਾਗ ਵੱਲੋਂ ਪੇਂਡੂ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਸਬੰਧੀ ਕਿੱਤਾ ਮੁੱਖੀ ਸਿਖਲਾਈ ਕੋਰਸ ਲਗਾਏ ਜਾਂਦੇ ਹਨ । ਇਸ ਲਈ ਡੇਅਰੀ ਫਾਰਮਿੰਗ ਦਾ ਕਿੱਤਾ ਸ਼ੁਰੂ ਕਰਨ ਤੋਂ ਪਹਿਲਾਂ ਇਨ੍ਹਾਂ ਸੰਸਥਾਵਾਂ ਤੋਂ ਸਿਖਲਾਈ ਜ਼ਰੂਰ ਲੈਣੀ ਚਾਹੀਦੀ ਹੈ । ਜਿਸ ਵਿਅਕਤੀ ਨੇ ਡੇਅਰੀ ਫਾਰਮਿੰਗ ਦਾ

**ਪਰਮਿੰਦਰ ਸਿੰਘ, ਵਿਪਨ ਕੁਮਾਰ ਰਾਮਪਾਲ, ਪਟਿਆਲਾ**

ਧੰਦਾ ਸ਼ੁਰੂ ਕਰਨਾ ਹੋਵੇ, ਉਸ ਦੀ ਇਸ ਧੰਦੇ ਵਿਚ ਦਿਲਚਸਪੀ ਹੋਣੀ ਬਹੁਤ ਜ਼ਰੂਰੀ ਹੈ । ਜੇਕਰ ਉਹ ਇਸ ਧੰਦੇ ਵਿਚ ਧਿਆਨ ਨਹੀਂ ਲਗਾ ਸਕਦਾ, ਉਸ ਨੂੰ ਕਦੇ ਵੀ ਕਾਮਯਾਬੀ ਨਹੀਂ ਮਿਲ ਸਕਦੀ । ਡੇਅਰੀ ਦੇ ਧੰਦੇ ਵਿਚ ਹਰ ਰੋਜ਼ ਫਾਰਮ 'ਤੇ ਹਾਜ਼ਰ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਗੈਰ-ਹਾਜ਼ਰੀ ਵਿਚ ਡੇਅਰੀ ਫਾਰਮਿੰਗ ਦਾ ਕਿੱਤਾ ਨਹੀਂ ਚੱਲ ਸਕਦਾ । ਲਵੇਰਿਆਂ ਨੂੰ ਦਾਣਾ ਪਾਉਣ ਸਮੇਂ ਅਤੇ ਚੁਆਈ ਕਰਨ ਵੇਲੇ ਹਾਜ਼ਰੀ ਬਹੁਤ ਜ਼ਰੂਰੀ ਹੈ । ਇਸ ਤੋਂ ਇਲਾਵਾ ਡੇਅਰੀ ਦੇ ਧੰਦੇ ਲਈ ਹੇਠ ਲਿਖੀਆਂ ਚੀਜ਼ਾਂ ਵੱਲ ਧਿਆਨ ਦੇਣ ਦੀ ਲੋੜ ਪੈਂਦੀ ਹੈ ।

**ਮੱਝਾਂ ਰੱਖੀਆਂ ਜਾਣ ਜਾਂ ਗਾਵਾਂ :**

ਸਭ ਤੋਂ ਪਹਿਲਾਂ ਤਾਂ ਇਹ ਵਿਚਾਰ ਬਣਾਉਣਾ ਪਵੇਗਾ ਕਿ ਮੱਝਾਂ ਰੱਖਣੀਆਂ ਹਨ ਜਾਂ ਗਾਵਾਂ । ਇਹ ਨਿਰਭਰ ਕਰੇਗਾ ਦੁੱਧ ਦੇ ਮੰਡੀਕਰਨ 'ਤੇ । ਜੇਕਰ ਦੁੱਧ ਦੋਜ਼ੀ ਨੂੰ ਪਾਉਣਾ ਹੋਵੇ ਤਾਂ ਮੱਝਾਂ ਰੱਖਣ ਵਿਚ ਫਾਇਦਾ ਹੈ, ਕਿਉਂਕਿ ਉਹ ਦੁੱਧ ਫੈਟ ਦੇ ਆਧਾਰ ਤੇ ਲੈਂਦੇ ਹਨ । ਜੇਕਰ ਦੁੱਧ ਪਲਾਂਟ ਨੂੰ ਪਾਉਣਾ ਹੋਵੇ ਤਾਂ ਗਾਵਾਂ ਰੱਖਣ ਵਿਚ ਫਾਇਦਾ ਹੈ, ਕਿਉਂਕਿ ਇਹ ਦੁੱਧ ਦਾ ਰੇਟ ਅਤੇ ਫੈਟ ਐੱਸ ਐੱਨ. ਐੱਫ ਦੇ ਆਧਾਰ ਤੇ ਮਿੱਥਦੇ ਹਨ । ਜੇਕਰ ਦੁੱਧ ਸਿੱਧਾ ਉਪਭੋਗਤਾ ਤੱਕ ਪਹੁੰਚਾਉਣ ਦੀ ਸਹੂਲਤ ਹੋਵੇ ਤਾਂ ਕੋਈ ਵੀ ਲਵੇਰਾ, ਗਾਵਾਂ ਜਾਂ ਮੱਝਾਂ ਰੱਖੀਆਂ ਜਾ ਸਕਦੀਆਂ ਹਨ । ਆਰਥਿਕ ਪੱਖੋਂ ਡੇਅਰੀ ਦਾ ਧੰਦਾ ਘੱਟੋ-ਘੱਟ 10 ਪਸ਼ੂਆਂ ਤੋਂ ਸ਼ੁਰੂ ਕਰੋ । ਜਦੋਂ ਤਜ਼ਰਬਾ ਹੋ ਜਾਵੇ, ਫਿਰ ਇਸ ਦਾ ਵਿਸਥਾਰ ਕਰੋ । ਪਸ਼ੂ ਹਮੇਸ਼ਾ ਵਧੀਆ ਨਸਲ ਦੇ ਹੀ ਰੱਖਣੇ ਚਾਹੀਦੇ ਹਨ ।

**ਜ਼ਮੀਨ** : ਡੇਅਰੀ ਦੇ ਧੰਦੇ ਵਿਚ ਜ਼ਮੀਨ ਦੋ ਕੰਮਾਂ ਵਾਸਤੇ ਚਾਹੀਦੀ ਹੈ । ਇਕ ਸ਼ੈੱਡ ਬਣਾਉਣ ਵਾਸਤੇ ਦੂਸਰਾ ਹਰੇ ਚਾਰੇ ਦੀ ਕਾਸ਼ਤ ਵਾਸਤੇ । ਲਵੇਰੀਆਂ ਦਾ ਸ਼ੈੱਡ ਜਿੰਨਾ ਸ਼ਹਿਰ ਦੇ ਨੇੜੇ ਹੋਵੇਗਾ, ਓਨਾ ਹੀ ਜ਼ਿਆਦਾ ਫਾਇਦਾ ਹੋਵੇਗਾ । ਇਕ ਤਾਂ ਦੁੱਧ ਨੂੰ ਪਹੁੰਚਾਉਣਾ ਆਸਾਨ ਹੋਵੇਗਾ, ਦੂਸਰਾ ਲਵੇਰਿਆਂ ਦੀ ਖੁਰਾਕ ਜਾਂ ਫਾਰਮ ਦਾ ਕੋਈ ਹੋਰ ਸਮਾਨ ਸ਼ਹਿਰ ਤੋਂ ਲੈ ਕੇ ਆਉਣ ਵਿਚ ਵੀ ਆਸਾਨੀ ਹੋਵੇਗੀ । ਪਰ ਸ਼ੈੱਡ ਹਰ ਹਾਲਤ ਵਿਚ ਮਨੁੱਖੀ ਵਸੋਂ ਤੋਂ ਦੂਰ ਹੋਣਾ ਚਾਹੀਦਾ ਹੈ । ਸ਼ੈੱਡ ਕਦੇ ਵੀ ਜ਼ਿਆਦਾ ਆਵਾਜਾਈ ਵਾਲੀ ਸੜਕ ਉੱਤੇ ਨਾ ਬਣਾਓ । ਇਹ ਸੜਕ ਤੋਂ ਘੱਟੋ-ਘੱਟ 100 ਗਜ਼ ਹਟਵਾਂ ਹੋਣਾ ਚਾਹੀਦਾ ਹੈ ਪਰ ਸ਼ਹਿਰ ਜਾਂ ਪਿੰਡ ਤੋਂ ਸ਼ੈੱਡ ਤੱਕ ਜਾਣ ਦਾ ਰਸਤਾ ਆਸਾਨ ਹੋਣਾ ਚਾਹੀਦਾ ਹੈ । ਸ਼ੈੱਡ ਉਪਰੋਂ ਬਿਜਲੀ ਦੀ ਤਾਰ ਨਾ ਲੰਘਦੀ ਹੋਵੇ । ਸ਼ੈੱਡ ਅਜਿਹੀ ਜਗ੍ਹਾ ਬਣਾਓ, ਜਿੱਥੇ ਪਸ਼ੂਆਂ ਲਈ ਤਾਜ਼ੀ ਹਵਾ ਅਤੇ ਧੁੱਪ ਆਸਾਨੀ ਨਾਲ ਉਪਲਬਧ ਹੋ ਸਕੇ ।

ਸ਼ੈੱਡ ਹਮੇਸ਼ਾਂ ਖੇਤ ਨਾਲੋਂ ਜਾਂ ਆਲੇ-ਦੁਆਲੇ ਦੀ ਜਗ੍ਹਾਂ ਨਾਲੋਂ ਉੱਚਾ ਬਣਾਓ । ਇਸ ਗੱਲ ਦਾ ਧਿਆਨ ਰੱਖੋ ਕਿ ਖੇਤ ਬਹੁਤ ਨੀਵੇਂ ਤਾਂ ਨਹੀਂ । ਅਜਿਹੀ ਨੀਵੀਂ ਥਾਂ ਤੇ ਜਿੱਥੇ ਬਰਸਾਤਾਂ ਦਾ ਪਾਣੀ ਇਕੱਠਾ ਹੋ ਜਾਂਦਾ ਹੋਵੇ ਉੱਥੇ ਸ਼ੈੱਡ ਬਿਲਕੁਲ ਨਾ ਬਣਾਓ ਕਿਉਂਕਿ ਉੱਥੇ ਗੰਦਗੀ ਜ਼ਿਆਦਾ ਹੁੰਦੀ ਹੈ ਜੋ ਕਿ ਬਿਮਾਰੀਆਂ ਦਾ ਕਾਰਨ ਬਣਦੀ ਹੈ । ਉੱਚੀ ਜਗ੍ਹਾਂ ਬਣਾਏ ਗਏ ਸ਼ੈੱਡ ਅੰਦਰੋਂ ਮਲ-ਮੂਤਰ ਦਾ ਨਿਕਾਸ ਵੀ ਆਸਾਨੀ ਨਾਲ ਹੋ ਸਕੇਗਾ । ਸ਼ੈੱਡ ਦਾ ਅਕਾਰ ਪਸ਼ੂਆਂ ਦੀ ਗਿਣਤੀ ਮੁਤਾਬਕ ਹੀ ਬਣਾਓ ਪਰ ਇਸ ਵਿਚ ਵਿਸਥਾਰ ਕਰਨ ਦੀ ਗੁੰਜਾਇਸ਼ ਜ਼ਰੂਰ ਰੱਖੋ ।

**ਡੇਅਰੀ ਫਾਰਮ ਦਾ ਸਮਾਨ** : ਡੇਅਰੀ ਫਾਰਮ ਲਈ ਕੁਝ ਕੁ ਸਮਾਨ ਵੀ ਖਰੀਦਣਾ ਪਵੇਗਾ । ਸ਼ੁਰੂ ਵਿਚ ਚਾਰਾ ਕੱਟਣ ਵਾਲੀ ਮਸ਼ੀਨ, ਬਾਲਟੀਆਂ, ਦਾਤੀਆਂ, ਕਹੀਆਂ, ਸੰਗਲ, ਦੁੱਧ ਦੇ ਕੈਨ, ਡਰੰਮ ਆਦਿ ਦੀ ਲੋੜ ਪਵੇਗੀ ।

**ਪਸ਼ੂਆਂ ਦਾ ਬੀਮਾ** : ਕਿਸੇ ਲਵੇਰੇ ਦੀ ਅਚਨਚੇਤ ਮੌਤ ਨਾਲ ਕਾਫੀ ਆਰਥਿਕ ਨੁਕਸਾਨ ਹੁੰਦਾ ਹੈ । ਅਜਿਹੇ ਆਰਥਿਕ ਨੁਕਸਾਨ ਤੋਂ ਬਚਣ ਲਈ ਹਰੇਕ ਲਵੇਰੇ ਦਾ ਬੀਮਾ ਜ਼ਰੂਰ ਕਰਵਾਓ । ਬੀਮਾ ਕਰਵਾਉਣ ਲਈ ਡੇਅਰੀ ਵਿਭਾਗ ਨਾਲ ਸੰਪਰਕ ਕਰੋ ਅਤੇ ਸਰਕਾਰੀ ਸਕੀਮ ਦਾ ਫਾਇਦਾ ਉਠਾਓ ।



**ਸਰਮਾਇਆ ਤੇ ਕਰਜਾ** : ਡੇਅਰੀ ਦਾ ਕਿੱਤਾ ਸ਼ੁਰੂ ਕਰਨ ਲਈ ਜਾਂ ਪਹਿਲਾ ਤੋਂ ਚੱਲ ਰਹੇ ਡੇਅਰੀ ਫਾਰਮ ਵਿਚ ਵਿਸਥਾਰ ਕਰਨ ਲਈ ਕਾਫੀ ਪੈਸੇ ਦੀ ਲੋੜ ਪੈਂਦੀ ਹੈ । ਪਹਿਲਾਂ ਤੋਂ ਬਚਾ ਕੇ ਰੱਖੇ ਪੈਸੇ ਜਾਂ ਹੋਰ ਕੋਈ ਪਰਿਵਾਰਕ ਆਮਦਨ ਨਾਲ ਡੇਅਰੀ ਫਾਰਮ ਵਿਚ ਵਿਸਥਾਰ ਕੀਤਾ ਜਾ ਸਕਦਾ ਹੈ । ਜੇਕਰ ਜ਼ਿਆਦਾ ਪੈਸੇ ਦੀ ਲੋੜ ਹੋਵੇ ਤਾਂ ਇਲਾਕੇ ਦੀ ਬੈਂਕ ਤੋਂ ਲੋਨ ਲਿਆ ਜਾ ਸਕਦਾ ਹੈ ।

**ਮੰਡੀਕਰਨ** : ਡੇਅਰੀ ਫਾਰਮ ਦਾ ਕੰਮ ਕਰਨ ਵੇਲੇ ਦੁੱਧ ਦੇ ਮੰਡੀਕਰਨ ਸਬੰਧੀ ਵੀ ਵਿਚਾਰ ਕਰਨਾ ਪਵੇਗਾ । ਕਣਕ, ਛੋਲਾ ਅਤੇ ਹੋਰ ਜਿਨਸਾਂ ਨੂੰ ਤਾਂ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ । ਪਰ ਦੁੱਧ ਨੂੰ ਉਸੇ ਦਿਨ ਵੇਚਣਾ ਪਵੇਗਾ । ਦੁੱਧ ਕੋਆਪਰੇਟਿਵ ਸੋਸਾਇਟੀ, ਪ੍ਰਾਈਵੇਟ ਸੈਕਟਰ, ਦੋਜ਼ੀ, ਹਲਵਾਈ ਜਾਂ ਸਿੱਧਾ ਉਪਭੋਗਤਾ ਨੂੰ ਵੇਚਿਆ ਜਾ ਸਕਦਾ ਹੈ । ਦੁੱਧ ਸਿੱਧਾ ਉਪਭੋਗਤਾ ਤੱਕ ਪਹੁੰਚਾਉਣ ਨਾਲ ਜ਼ਿਆਦਾ ਪੈਸੇ ਦੀ ਬੱਚਤ ਹੋ ਸਕਦੀ ਹੈ । ਇਸ ਲਈ ਪੰਜ ਸੱਤ ਪਰਿਵਾਰ ਮਿਲ ਕੇ ਇਕ ਛੋਟਾ ਜਿਹਾ ਕੋਆਪ੍ਰੇਟਿਵ ਗਰੁੱਪ/ਸੈਲਫ ਹੈਲਪ ਗਰੁੱਪ ਬਣਾ ਸਕਦੇ ਹਨ । ਅਜਿਹਾ ਕਰਨ ਨਾਲ ਇਕੱਠੇ ਕੀਤੇ ਦੁੱਧ ਨੂੰ ਸ਼ਹਿਰ ਤੱਕ ਪਹੁੰਚਾਇਆ ਜਾ ਸਕਦਾ ਹੈ ਅਤੇ ਬੱਚਤ ਵਿੱਚ ਚੋਖਾ ਵਾਧਾ ਹੋ ਸਕਦਾ ਹੈ ।

**ਗੋਬਰ ਦਾ ਪ੍ਰਬੰਧ ਅਤੇ ਹੋਰ ਖਾਸ ਗੱਲਾਂ** : ਡੇਅਰੀ ਫਾਰਮ 'ਤੇ ਇਕੱਠੇ ਕੀਤੇ ਗੋਬਰ ਦੀ ਸੁਚੱਜੀ ਵਰਤੋਂ ਨਾਲ ਵੀ ਆਮਦਨ 'ਚ ਵਾਧਾ ਕੀਤਾ ਜਾ ਸਕਦਾ ਹੈ । ਗੋਬਰ ਤੋਂ ਗੋਬਰ ਗੈਸ ਬਣਾ ਸਕਦੇ ਹਾਂ । ਜੇਕਰ ਗੋਬਰ ਗੈਸ ਪਲਾਂਟ ਲਗਾਉਣ ਦਾ ਇਰਾਦਾ ਨਾ ਹੋਵੇ ਤਾਂ ਵੀ ਗੋਬਰ ਨੂੰ ਕਿਸੇ ਟੋਏ ਵਿਚ ਸੰਭਾਲ ਕੇ ਰੂੜੀ ਵਜੋਂ ਖੇਤਾਂ ਵਿਚ ਵਰਤਿਆ ਜਾ ਸਕਦਾ ਹੈ ।

# ਡੇਅਰੀ ਪਸ਼ੂਆਂ ਲਈ ਕੁੱਲ ਮਿਸ਼ਰਿਤ ਖੁਰਾਕ (ਟੀ.ਐੱਮ.ਆਰ) ਦੀ ਮਹੱਤਤਾ

**ਕੰਵਰਪਾਲ ਸਿੰਘ ਢਿੱਲੋਂ, ਸਿਮਰਨਜੋਤ ਕੌਰ, ਮਨਿੰਦਰ ਸਿੰਘ ਬੈਂਸ, ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ, ਮੋਬਾਇਲ : 99156-78787**

ਦੁੱਧ ਉਤਪਾਦਨ ਅਤੇ ਚੰਗੀ ਸਿਹਤ ਨੂੰ ਬਣਾਈ ਰੱਖਣ ਲਈ ਡੇਅਰੀ ਪਸ਼ੂਆਂ ਲਈ ਚੰਗੀ ਸੰਤੁਲਿਤ ਖੁਰਾਕ ਬਹੁਤ ਮਹੱਤਵਪੂਰਨ ਹੈ । ਡੇਅਰੀ ਪਸ਼ੂਆਂ ਦੀ ਖੁਰਾਕ ਵਿੱਚ ਵੰਡ, ਤੂੜੀ ਅਤੇ ਹਰਾ ਚਾਰਾ ਸਹੀ ਅਨੁਪਾਤ ਵਿੱਚ ਹੋਣਾ ਚਾਹੀਦਾ ਹੈ । ਪਸ਼ੂ ਦੀ ਲੋੜੀਂਦੀ ਮਾਤਰਾ ਵਿਚ ਪੌਸ਼ਟਿਕ ਤੱਤ, ਵਿਟਾਮਿਨ ਅਤੇ ਖਣਿਜ ਪਦਾਰਥ ਦਿੱਤੇ ਜਾਣੇ ਚਾਹੀਦੇ ਹਨ । ਜਦੋਂ ਪੌਸ਼ਟਿਕ ਤੱਤ ਸੰਤੁਲਿਤ ਹੁੰਦੇ ਹਨ ਤਾਂ ਹੀ ਪਸ਼ੂ ਇਸ ਨੂੰ ਵਧੀਆ ਉਤਪਾਦਨ ਅਤੇ ਸਰੀਰ ਦੇ ਹੋਰ ਜ਼ਰੂਰੀ ਕਾਰਜਾਂ ਲਈ ਸਹੀ ਢੰਗ ਨਾਲ ਵਰਤ ਸਕਦੇ ਹਨ । ਇਨ੍ਹਾਂ ਹਾਲਾਤਾਂ ਵਿਚ ਸਾਰੇ ਪੌਸ਼ਟਿਕ ਤੱਤਾਂ ਦਾ ਸਹੀ ਸੰਤੁਲਨ ਰੱਖਣ ਵਾਲੀ ਇਕ ਖੁਰਾਕ (single feed) ਦੀ ਧਾਰਨਾ ਮਹੱਤਵ ਪ੍ਰਾਪਤ ਕਰ ਰਹੀ ਹੈ । ਟੋਟਲ ਮਿਕਸਡ ਰਾਸ਼ਨ (ਟੀ.ਐੱਮ.ਆਰ) ਵਧੇਰੇ ਲਾਭਕਾਰੀ ਉਦੇਸ਼ਾਂ ਲਈ ਡੇਅਰੀ ਪਸ਼ੂਆਂ ਨੂੰ ਖੁਆਉਣ ਲਈ ਇੱਕ ਕੁਸ਼ਲ ਅਤੇ ਪ੍ਰਭਾਵੀ ਸੰਕਲਪ ਹੈ । ਟੀ.ਐੱਮ.ਆਰ ਇਕ ਪੂਰੀ ਤਰ੍ਹਾਂ ਸੰਤੁਲਿਤ ਖੁਰਾਕ ਹੈ ਜਿਸ ਵਿਚ ਚਾਰੇ, ਅਨਾਜ, ਪ੍ਰੋਟੀਨ ਫੀਡ, ਵਿਟਾਮਿਨ ਅਤੇ ਫੀਡ ਐਡਿਟਿਵ (feed additive) ਸ਼ਾਮਲ ਹੁੰਦੇ ਹਨ ਜੋ ਇਕ ਨਿਸ਼ਚਿਤ ਪੌਸ਼ਟਿਕ ਤੱਤਾਂ ਦੇ ਸੁਮੇਲ ਨਾਲ ਇੱਕ ਖੁਰਾਕ ਦੇ ਮਿਸ਼ਰਣ ਵਿਚ ਤਿਆਰ ਕੀਤੇ ਜਾਂਦੇ ਹਨ ।

**ਪਸ਼ੂਆਂ ਲਈ ਟੀ.ਐੱਮ.ਆਰ. (100 ਕਿਲੋ ਫੀਡ ਲਈ) :**

| ਸਮੱਗਰੀ | ਕਿਸਮ 1 | ਕਿਸਮ 2 | ਕਿਸਮ 3 | ਕਿਸਮ 4 |
|---|---|---|---|---|
| ਮੱਕੀ/ਜਵਾਰ/ਬਾਜਰੇ ਦੇ ਦਾਣੇ | 10 | 4 | 5 | 6 |
| ਮੂੰਗਫਲੀ/ਸੋਇਆਬੀਨ ਦੀ ਖੱਲ/ਮੀਲ | 15 | 15 | 10 | 6 |
| ਬਿਨ੍ਹਾਂ ਤੇਲ ਸੂਰਜਮੁੱਖੀ ਦੀ ਖੱਲ | 10 | 5 | 4 | 5 |
| ਰਾਈਸ ਬ੍ਰੈਨ/ਤੇਲ ਰਹਿਤ ਰਾਈਸ ਬ੍ਰੈਨ | 22 | 23 | 18 | 10 |
| ਸ਼ੀਰਾ | 10 | 10 | 10 | 10 |
| ਮੱਕੀ/ਕਣਕ/ਜਵਾਰ ਦੀ ਪਰਾਲੀ/ਸੁੱਕਾ ਘਾਹ | 30 | 40 | 50 | 60 |
| ਧਾਤਾਂ ਦਾ ਚੂਰਾ | 2 | 2 | 2 | 2 |
| ਲੂਣ | 1 | 1 | 1 | 1 |

ਕਿਸਮ 1 : ਉੱਚ ਉਤਪਾਦਕ ਜਾਨਵਰਾਂ ਲਈ (20 ਕਿਲੋ ਤੋਂ ਵੱਧ ਦੁੱਧ/ਦਿਨ); ਕਿਸਮ 2 ਅਤੇ 3 : ਦਰਮਿਆਨੇ ਉਤਪਾਦਕਾਂ ਲਈ, ਵੱਧ ਰਹੀ ਵੱਛੀਆਂ ਅਤੇ ਗੱਭਣ ਪਸ਼ੂਆਂ ਲਈ ; ਕਿਸਮ 4 : ਦੁੱਧੋਂ ਸੁੱਕੇ ਪਸ਼ੂਆਂ ਲਈ ।

**ਟੀ.ਐੱਮ.ਆਰ. ਬਣਾਉਣ ਦੀ ਤਿਆਰੀ** : ਦੁੱਧ ਦੇਣ ਵਾਲੇ ਪਸ਼ੂ, ਵੱਧ ਰਹੀਆਂ ਵੱਛੀਆਂ ਅਤੇ ਦੁੱਧੋਂ ਸੁੱਕੇ ਪਸ਼ੂ (ਸੂਣ ਵਾਲੇ ਪਸ਼ੂ) ਲਈ ਟੀ.ਐੱਮ.ਆਰ. ਦੀ ਤਿਆਰੀ ਚਾਰਾ ਅਤੇ ਵੰਡ ਦੇ ਵੱਖ-ਵੱਖ ਸੰਜੋਗਾਂ ਦੀ ਵਰਤੋਂ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ । ਇਸ ਨੂੰ ਬਣਾਉਂਦੇ ਸਮੇਂ, ਫਸਲਾਂ ਦੀ ਰਹਿੰਦ-ਖੂੰਹਦ ਅਤੇ ਉਪ-ਉਤਪਾਦਾਂ (By-products) ਦੀ ਵਰਤੋਂ ਪਸ਼ੂਆਂ ਦੀ ਲੋੜ ਅਨੁਸਾਰ ਵੀ ਕੀਤੀ ਜਾ ਸਕਦੀ ਹੈ । ਇਕ ਟੋਕੇ ਦੀ ਮਦਦ ਨਾਲ ਫਸਲਾਂ ਦੀ ਰਹਿੰਦ-ਖੂੰਹਦ ਨੂੰ ਪਹਿਲਾਂ ਛੋਟੇ ਟੁਕੜਿਆਂ ਵਿੱਚ ਕੁਤਰਿਆ ਜਾਂਦਾ ਹੈ ਅਤੇ ਫਿਰ ਚਾਰੇ ਅਤੇ ਵੰਡ ਨੂੰ ਇਕਸਾਰ ਮਿਸ਼ਰਣ ਬਣਾਉਣ ਲਈ ਰਲਾਇਆ ਜਾਂਦਾ ਹੈ ।

**ਟੀ. ਐੱਮ. ਆਰ. ਖੁਆਉਣ ਦੇ ਫਾਇਦੇ**

★ ਟੀ. ਐੱਮ. ਆਰ. ਪਾਚਨ ਸੰਬੰਧੀ ਪਰੇਸ਼ਾਨੀ ਦੇ ਜੋਖਮ ਨੂੰ ਘਟਾਉਂਦਾ ਹੈ, ਰੂਮੇਨ (ਪਸ਼ੂ ਦਾ ਢਿੱਡ) ਦਾ ਤੇਜ਼ਾਬੀ ਤੇ ਖਾਰਾਪਣ (pH) ਨੂੰ ਸਥਿਰ ਕਰਦਾ ਹੈ ਅਤੇ ਰੂਮੇਨ ਦੇ ਪਾਚਨ ਨੂੰ ਅਨੁਕੂਲ ਬਣਾਉਂਦਾ ਹੈ ।

★ ਟੀ. ਐੱਮ. ਆਰ. ਫੀਡ ਦੀ ਬਰਬਾਦੀ ਨੂੰ ਘਟਾਉਂਦਾ ਹੈ ਅਤੇ ਮਜ਼ਦੂਰੀ ਦੀ ਲਾਗਤ ਨੂੰ ਬਚਾਉਂਦਾ ਹੈ ।

★ ਆਮ ਤੌਰ ਤੇ ਦੇਖਿਆ ਜਾਂਦਾ ਕਿ ਜਦੋਂ ਚਾਰੇ ਅਤੇ ਵੰਡ ਨੂੰ ਵੱਖ-ਵੱਖਰੇ ਤੌਰ 'ਤੇ ਖੁਆਉਂਦੇ ਹਾਂ, ਤਾਂ ਪਸ਼ੂਆਂ ਦੀ ਪ੍ਰਵਿਰਤੀ ਹੁੰਦੀ ਹੈ ਕਿ ਉਹ ਜੋ ਵੀ ਫੀਡ ਪਸੰਦ ਕਰਦੇ ਹਨ ਓਹੀ ਖਾਂਦੇ ਹਨ । ਇਸ ਦੇ ਨਤੀਜੇ ਵਜੋਂ ਪੌਸ਼ਟਿਕ ਸੰਤੁਲਨ ਅਤੇ ਪਾਚਨ ਵਿਚ ਗੜਬੜੀ ਹੁੰਦੀ ਹੈ । ਟੀ.ਐੱਮ.ਆਰ. ਫੀਡਿੰਗ ਦੇ ਇਸ ਵਿਕਲਪ ਨੂੰ ਘੱਟ ਕੀਤਾ ਗਿਆ ਹੈ ਅਤੇ ਫੀਡ ਦੀ ਬਿਹਤਰ ਵਰਤੋਂ ਅਤੇ ਕੁਸ਼ਲਤਾ ਵਿਚ ਵਾਧਾ ਹੋਇਆ ਹੈ ।

★ ਰਵਾਇਤੀ ਰਾਸ਼ਨ ਦੇ ਮੁਕਾਬਲੇ ਦੁੱਧ ਦੇ ਉਤਪਾਦਨ ਵਿੱਚ ਲਗਭਗ 5 ਤੋਂ 8% ਦਾ ਵਾਧਾ ਹੁੰਦਾ ਹੈ ।

★ ਜਿਨ੍ਹਾਂ ਫੀਡਾਂ ਨੂੰ ਵੱਖਰੇ ਤੌਰ 'ਤੇ ਖੁਆਉਣਾ ਔਖਾ ਹੁੰਦਾ ਹੈ, ਉਨ੍ਹਾਂ ਨੂੰ ਟੀ.ਐੱਮ.ਆਰ. ਫੀਡ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ । ਇਸ ਲਈ ਹੋਰ ਉਪ-ਉਤਪਾਦਾਂ ਅਤੇ ਘੱਟ ਗੁਣਵੱਤਾ ਵਾਲੇ ਚਾਰੇ ਸ਼ਾਮਲ ਕੀਤੇ ਜਾ ਸਕਦੇ ਹਨ, ਜੋ ਬਦਲੇ ਵਿੱਚ ਸਮੁੱਚੀ ਫੀਡ ਦੀ ਲਾਗਤ ਨੂੰ ਘਟਾਉਂਦਾ ਹੈ ।



# ਕੁਦਰਤੀ ਆਫਤਾਂ ਕਰਕੇ ਖੇਤੀਬਾੜੀ 'ਚ ਸਥਿਰਤਾ ਦੀ ਕਮੀ ਅਤੇ ਨੁਕਸਾਨ

ਧਨੀ ਰਾਮ ਚਾਤ੍ਰਿਕ ਇਕ ਬਹੁਮੁੱਖੀ ਪ੍ਰਤਿਭਾ ਦੇ ਮਾਲਕ ਸਨ। ਉਨ੍ਹਾਂ ਨੇ ਨਾ ਸਿਰਫ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਦੇ ਤੌਰ 'ਤੇ ਇਕ ਅਤੁੱਲ ਦੇਣ ਦਿੱਤੀ, ਸਗੋਂ ਕਈ ਸਮਾਜਿਕ ਅਤੇ ਆਰਥਿਕ ਪਹਿਲੂਆਂ ਨੂੰ ਵੀ ਆਪਣੀ ਕਲਮ ਰਾਹੀਂ ਉਘਾੜਿਆ। ਅੱਜ ਇੱਥੇ ਅਰਥ ਵਿਗਿਆਨੀ ਦੇ ਤੌਰ 'ਤੇ ਵੇਖਣ ਦੀ ਕੋਸ਼ਿਸ਼ ਕਰਾਂਗੇ।

ਪ੍ਰੋ. ਕੇ. ਸੀ. ਸ਼ਰਮਾ,
ਫਿਰੋਜ਼ਪੁਰ

ਆਪਣੀਆਂ ਕਵਿਤਾਵਾਂ 'ਚ ਉਨ੍ਹਾਂ ਨੇ ਕੁਦਰਤੀ ਆਫਤਾਂ ਕਰਕੇ ਖੇਤੀਬਾੜੀ 'ਚ ਲਗਾਤਾਰਤਾ ਨਾ ਹੋਣਾ ਤੇ ਨੁਕਸਾਨ ਦਾ ਜੋ ਵਿਚ ਚਿਤਰਣ ਕੀਤਾ ਹੈ, ਉਹ ਅੱਜ ਵੀ ਸਹੀ ਹੈ।

ਭਾਰਤੀ ਅਰਥ ਵਿਵਸਥਾ ਬਾਰੇ ਸਾਨੂੰ ਦੱਸਿਆ ਜਾਂਦਾ ਸੀ ''ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ'' ਅਤੇ ਸਾਡਾ ਬਜਟ ''ਮੌਨਸੂਨ ਨਾਲ ਜੂਆ ਹੈ''। ਇਸ ਦਾ ਮਤਲਬ ਅਸੀਂ ਸਿੰਚਾਈ ਲਈ ਮੀਂਹ 'ਤੇ ਨਿਰਭਰ ਸੀ। ਇਹ ਠੀਕ ਵੀ ਸੀ। ਘੱਟ ਮੀਂਹ ਵਾਲੇ ਸਾਲ ਮੇਰੀ ਆਪਣੀ ਬਰਾਨੀ ਜ਼ਮੀਨ 'ਚ ਘੱਟ ਝਾੜ ਵਾਲੀ ਵੇਝੜ (ਕਣਕ ਤੇ ਛੋਲਿਆਂ ਦੀ ਰਲੇਵੀਂ) ਅਤੇ ਬੇਰੜਾ (ਜੌਂ ਅਤੇ ਛੋਲਿਆਂ ਦਾ ਰੇਲਵਾਂ)



ਹੀ ਹੁੰਦੇ ਸਨ।

ਪਿਛਲੇ ਕਈ ਦਹਾਕਿਆਂ ਤੋਂ ਡੈਮਾਂ, ਦਰਿਆਵਾਂ, ਨਹਿਰਾਂ ਦੇ ਵਿਕਾਸ ਦੇ ਨਾਲ-ਨਾਲ ਟਿਊਬਵੈਲਾਂ ਦੁਆਰਾ ਧਰਤੀ ਹੇਠਲੇ ਪਾਣੀ ਰਾਹੀਂ ਸਿੰਜਾਈ ਦੇ ਸਾਧਨਾਂ 'ਚ ਬਹੁਤ ਵਾਧਾ ਹੋਇਆ ਹੈ। ਉਪਰੋਂ ਮਸ਼ੀਨਰੀ, ਰਸਾਇਣਾਂ ਦੀ ਵਰਤੋਂ, ਸੋਧੇ ਬੀਜ ਅਤੇ ਹਾਈ ਬਰੈਂਡ ਖੇਤੀਬਾੜੀ ਕਰਕੇ ਪੰਜਾਬ 'ਚ ਦੇਸ਼ ਦਾ 1.5% ਰਕਬਾ ਹੀ ਫਸਲਾਂ ਹੇਠ ਆਉਂਦਾ ਹੈ ਪਰ ਪੰਜਾਬ ਦਾ ਅੰਨਦਾਤਾ ਕੇਂਦਰੀ ਪੂਲ 'ਚ ਸਭ ਤੋਂ ਵੱਧ ਦੇਣ ਦਿੰਦਾ ਹੈ। ਅੱਜ ਦੇਸ਼ ਅੰਨ ਨਿਰਯਾਤ ਕਰਕੇ, ਵਿਦੇਸ਼ੀ ਮੁਦਰਾ ਵੀ ਕਮਾ ਰਿਹਾ ਹੈ।

ਪਰ ਕੀ ਇਸ ਵਾਧੇ ਦੇ ਹੁੰਦੇ ਹੋਏ, ਫਸਲਾਂ ਨੂੰ ਢਾਹ ਲਾਉਣ ਵਾਲੀਆਂ ਕੁਦਰਤੀ ਆਫਤਾਂ ਬਾਰੇ ਧਨੀ ਰਾਮ ਜੀ ਦੀ ਚਿਤਾਵਨੀ ਭਰੀ ਸੋਚ ਅੱਜ ਤਰਕਹੀਣ ਹੋ ਗਈ ਹੈ? ਨਹੀਂ, ਬਿਲਕੁਲ ਨਹੀਂ, ਕਈ ਦਹਾਕੇ ਪਹਿਲਾਂ ਲਿਖੀਆਂ ਉਨ੍ਹਾਂ ਦੀ ਸਤਰਾਂ

''ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਨ। ਵਾਓ, ਝੱਖੜ, ਝੋਲਿਓਂ, (ਰੜਿਓਂ, ਅਹਿਣੋਂ, ਕੁੰਗੀਓ) ਘਰ ਅਵੇ ਤਾਂ ਜਾਣ।''

ਅੱਜ ਵੀ ਸੋਲਾਂ ਆਨੇ ਸੱਚ ਹਨ। ਇੱਥੇ 'ਝੱਖੜ ਝੋਲੇ, ਗੜੇ ਮੌਸਮ ਦੀ ਬਦਮਿਜ਼ਾਜੀ ਦੇ ਸੂਚਕ ਹਨ। 'ਅਹਿਣ' ਫਸਲੀ ਕੀੜੇ, ਕੀਟਾਣੂ ਅਤੇ 'ਕੁੰਗੀ' ਉੱਲੀ ਆਦਿ ਬੀਮਾਰੀਆਂ ਵੱਲ ਇਸ਼ਾਰਾ ਕਰਦੇ ਹਨ। ਵੇਖਣ 'ਚ ਆਉਂਦਾ ਹੈ ਕਿ ਮੌਸਮ ਦੀ ਬਦਮਿਜ਼ਾਜੀ ਸਭ ਤੋਂ ਜ਼ਿਆਦਾ ਮਾਰੂ ਹੈ। ਅੱਜ ਵੀ ਬਜਟ ਬਣਾਉਂਦੇ ਸਮੇਂ, ਵਿੱਤ ਮੰਤਰੀ ਮੀਂਹ ਬਾਰੇ ਮੌਸਮ ਵਿਭਾਗ ਦੀ ਅਡਵਾਇਜ਼ਰੀ ਦਾ ਪੂਰਾ ਧਿਆਨ ਰੱਖਦੇ ਹਨ। ਚੰਗਾ ਤੇ ਮੌਸਮੀ ਮੀਂਹ ਬਹੁਤ ਲਾਭਦਾਇਕ ਹੈ। ਬਿਜਲੀ ਅਤੇ ਡੀਜ਼ਲ ਦਾ ਖਰਚਾ ਘਟਣ ਦੇ ਨਾਲ-ਨਾਲ ਫਸਲਾਂ ਦੇ ਝਾੜ 'ਚ ਬਹੁਤ ਵਾਧਾ ਹੁੰਦਾ ਹੈ। ਧਰਤੀ ਹੇਠਲੇ ਪਾਣੀ ਦਾ ਭੰਡਾਰ ਵੀ ਵਧ ਜਾਂਦਾ ਹੈ। ਜਨਵਰੀ ਦਾ ਮੀਂਹ ਤਾਂ ਹਾੜ੍ਹੀ ਦੀ ਫਸਲ ਲਈ ਘਿਓ ਦਾ ਕੰਮ ਕਰਦਾ ਹੈ। ਪਰ ਮੌਨਸੂਨ ਦੀ ਅਨਿਸ਼ਚਿਤਤਾ ਅਤੇ ਘੱਟ ਮੀਂਹ ਬਹੁਤ ਨੁਕਸਾਨਦਾਇਕ ਸਿੱਧ ਹੁੰਦੇ ਹਨ। ਘੱਟ ਮੀਂਹ ਸੋਕੇ, ਕਾਲ, ਭੁੱਖਮਰੀ ਨੂੰ ਜਨਮ ਦਿੰਦਾ ਹੈ। 2002, 2015, 2016 ਆਦਿ ਦੇ ਸੋਕੇ ਨੂੰ ਕੋਈ ਭੁੱਲ ਨਹੀਂ ਸਕਦਾ। 2023-24 'ਚ ਵੀ ਔਸਤਨ ਮੀਂਹ ਬਹੁਤ ਘੱਟ ਪਿਆ।

ਇਸ ਦੇ ਉਲਟ ਜ਼ਿਆਦਾ ਅਤੇ ਬੇ-ਮੌਸਮੇ ਮੀਂਹ ਵੀ ਬਰਬਾਦੀ ਲਿਆਉਂਦੇ ਹਨ। ਬੀਤੇ ਸਾਲ ਜੂਨ-ਜੁਲਾਈ ਦੀਆਂ ਬਰਸਾਤਾਂ ਕਰਕੇ ਪੰਜਾਬ 'ਚ ਹੜ੍ਹਾਂ ਵਰਗੇ ਹਾਲਾਤ ਬਣ ਗਏ। ਛੇ ਲੱਖ ਏਕੜ ਤੋਂ ਵੱਧ ਫਸਲਾਂ ਬਰਬਾਦ ਹੋ ਗਈਆਂ। ਫਸਲਾਂ ਪੱਕਣ ਵੇਲੇ ਬੇ-ਮੌਸਮੇਂ ਮੀਂਹ ਅਤੇ ਝੱਖੜ ਖੜ੍ਹੀਆਂ ਫਸਲਾਂ ਨੂੰ ਵਿਛਾ ਦਿੰਦੇ ਹਨ। ਫਸਲਾਂ ਦੇ ਝਾੜ ਅਤੇ ਗੁਣਵੱਤਾ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਪਿਛਲੇ ਮਾਰਚ 'ਚ ਗੜ੍ਹਿਆਂ ਨੇ ਕਣਕ ਦੇ ਝਾੜ ਘਟਾਉਣ ਦੇ ਤੌਖਲੇ ਪੈਦਾ ਕਰ ਦਿੱਤੇ ਸਨ। ਜੇਠ ਹਾੜ੍ਹ 'ਚ ਵਾ-ਵਰੋਲੇ ਉੱਗਦੇ ਨਰਮੇ ਨੂੰ ਹੀ ਨਸ਼ਟ ਕਰ ਦਿੰਦੇ ਹਨ।

ਧਨੀ ਰਾਮ ਜੀ ਦੁਆਰਾ ਵਰਣਿਤ 'ਅਹਿਣ', ਕੁਦਰਤੀ ਆਫਤਾਂ ਬਾਰੇ ਟਿੱਡੀ ਦਲ, ਕੀਟਾਣੂ ਅਤੇ ਹੋਰ ਬੇਸ਼ੁਮਾਰ ਕੀੜਿਆਂ ਦੇ ਫਸਲਾਂ 'ਤੇ ਹਮਲੇ ਦਾ ਸੂਚਕ ਹੈ। ਟਿੱਡੀ ਦਲ ਵੇਖਦੇ ਹੀ ਵੇਖਦੇ ਖੇਤਾਂ ਦੇ ਖੇਤ ਹੀ ਖਾਲੀ ਕਰ ਦਿੰਦਾ ਹੈ। ਹੋਰ ਕੀਟਾਣੂ ਜਿਵੇਂ ਕਿ ਚਿੱਟੀ ਮੱਖੀ, ਹਰਾ ਤੇਲਾ, ਗੁਲਾਬੀ ਸੁੰਡੀ, ਸਫੇਦ ਪਿੱਠਾ ਟਿੱਡਾ-ਫਸਲਾਂ, ਸਬਜ਼ੀਆਂ ਅਤੇ ਫਲਾਂ ਦਾ ਘਾਣ ਕਰ ਦਿੰਦੇ ਹਨ।

2022 'ਚ ਗੁਲਾਬੀ ਸੁੰਡੀ ਨੇ ਨਰਮੇ 'ਤੇ ਹਮਲਾ ਕਰਕੇ ਕਿਸਾਨਾਂ ਨੂੰ ਬਹੁਤ ਝੰਬਿਆ ਸੀ। ਕੁੰਗੀ ਫਸਲਾਂ 'ਤੇ ਕਾਲੀ ਉੱਲੀ ਅਤੇ ਹੋਰ ਪਾਊਡਰੀ ਬੀਮਾਰੀਆਂ ਦੇ ਖਤਰਿਆਂ ਬਾਰੇ ਆਗਾਹ ਕਰਦੀ ਹੈ। ਇਨ੍ਹਾਂ ਤੋਂ ਬਚਣ ਲਈ ਕਿਸਾਨਾਂ ਨੂੰ ਜ਼ਹਿਰੀਲੇ ਕੀਟਨਾਸ਼ਕਾਂ ਦੇ ਛਿੜਕਾਅ 'ਤੇ ਬਹੁਤ ਪੈਸਾ ਖਰਚਣਾ ਪੈਂਦਾ ਹੈ। ਇਨ੍ਹਾਂ ਆਫਤਾਂ ਤੋਂ ਇਲਾਵਾ ਕਈ ਆਫਤਾਂ ਕਿਸਾਨਾਂ ਦੇ ਪਸ਼ੂ ਧਨ ਦਾ ਬਹੁਤ ਨਾਸ਼ ਕਰਦੀਆਂ ਹਨ। ਪਰ ਇਨ੍ਹਾਂ ਆਫਤਾਂ ਦਾ ਹੱਲ ਕੀ ਹੈ? ਅਸੀਂ ਇਨ੍ਹਾਂ ਨੂੰ ਰੋਕ ਤਾਂ ਨਹੀਂ ਸਕਦੇ ਪਰ ਇਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਯਤਨ ਜ਼ਰੂਰ ਕਰ ਸਕਦੇ ਹਾਂ।

ਚੰਗੀਆਂ ਅਤੇ ਦੂਰਦਰਸ਼ੀ ਯੋਜਨਾਵਾਂ ਦੁਆਰਾ ਹੜ੍ਹਾਂ ਦੀ ਰੋਕਥਾਮ ਕਰਕੇ ਅੰਮ੍ਰਿਤ ਰੂਪੀ ਪਾਣੀ ਦਾ ਠੀਕ ਪ੍ਰਯੋਗ ਕੀਤਾ ਜਾ ਸਕਦਾ ਹੈ। ਸੋਕੇ ਅਤੇ ਜ਼ਮੀਨ ਦੇ ਖੁਰਨ ਤੋਂ ਬਚਾਅ ਲਈ ਜ਼ਿਆਦਾ ਦਰੱਖਤ ਲਾਉਣੇ ਚਾਹੀਦੇ ਹਨ। ਬਾਕੀ ਸ਼ਰਤਾਂ ਲਈ ਕਿਸਾਨਾਂ ਨੂੰ ਫਸਲੀ ਬੀਮਾ ਯੋਜਨਾਵਾਂ ਬਾਰੇ ਸਿੱਖਿਅਤ ਯੋਜਨਾ'' ਅੰਦਰ ਬੀਮਾ ਰਾਸ਼ੀ ਦਾ ਸਿਰਫ 1.5% ਹੀ ਦੇਣਾ ਹੁੰਦਾ ਹੈ। ਕੁਝ ਅੰਕੜਿਆਂ ਅਨੁਸਾਰ ਪਿਛਲੇ ਛੇ-ਸੱਤ ਸਾਲਾਂ 'ਚ ਕਿਸਾਨਾਂ ਨੇ ਬੀਮੇ 'ਤੇ 28185 ਕਰੋੜ ਰੁਪਏ ਖਰਚ ਕੇ 1.26 ਟ੍ਰੀਲੀਅਨ ਦੇ ਲਗਭਗ ਕਲੇਮ ਵਸੂਲੇ। ਕੁੱਝ ਕਾਰਨਾਂ ਕਰਕੇ ਪੰਜਾਬ ਸਮੇਤ ਕਈ ਰਾਜਾਂ ਨੇ ਇਹ ਯੋਜਨਾ ਲਾਗੂ ਨਹੀਂ ਕੀਤੀ। ਸਿੱਟੇ ਵਜੋਂ ਪੰਜਾਬ ਦਾ ਕਿਸਾਨ ਇਸ ਦੇ ਫਾਇਦੇ ਤੋਂ ਵਿਰਵਾਂ ਰਹਿ ਗਿਆ। ਅਜਿਹੀਆਂ ਕੁਦਰਤੀ ਆਫਤਾਂ ਤੋਂ ਬਚਾਅ ਲਈ ਸਰਕਾਰ ਵਿਸਥਾਰਪੂਰਵਕ ਨੀਤੀ ਬਣਾਏ।

**ਡਾ. ਡੀ. ਡੀ. ਨਾਰੰਗ,**
**ਸਾਬਕਾ ਕੀਟ ਵਿਗਿਆਨੀ, ਪੀ.ਏ.ਯੂ.,**
**ਲੁਧਿਆਣਾ (ਮੋ.94647-20231)**

# ਮੂਢੇ ਕਮਾਦ ਦੀ ਸੰਭਾਲ

ਪੰਜਾਬ ਵਿਚ ਕਮਾਦ ਦੀ ਤਕਰੀਬਨ ਅੱਧੀ ਫਸਲ ਮੁਢੀ ਹੁੰਦੀ ਹੈ। ਜਿਸ ਤੋਂ ਉਪਜ ਘਟ ਮਿਲਦੀ ਹੈ। ਇਸ ਫਸਲ ਦੇ ਝਾੜ ਵਿਚ ਵਾਧਾ ਕਰਨ ਲਈ ਹੇਠ ਦੱਸੀਆਂ ਸਿਫਾਰਸ਼ਾਂ ਤੇ ਅਮਲ ਕਰਨਾ ਚਾਹੀਦਾ ਹੈ।

1. ਜਿਹੜੀ ਫਸਲ ਮੁਢੀ ਰੱਖਣੀ ਹੋਵੇ ਉਹ ਜਨਵਰੀ ਦੇ ਅਖੀਰਲੇ ਹਫਤੇ ਤੋਂ ਬਾਅਦ ਕੱਟੋ ਕਿਉਂਕਿ ਇਸ ਸਮੇਂ ਤੱਕ ਕੋਰੇ ਵਾਲਾ ਮੌਸਮ ਖਤਮ ਹੋ ਜਾਂਦਾ ਹੈ। ਜੇਕਰ ਫਸਲ ਪਹਿਲਾਂ ਕੱਟੀ ਜਾਵੇ ਤਾਂ ਫਸਲ ਦਾ ਪੁੰਗਾਰਾ ਮਾੜਾ ਹੁੰਦਾ ਹੈ ਕਿਉਂਕਿ ਮੁਢਾਂ ਉਪਰ ਦਸੰਬਰ-ਜਨਵਰੀ ਵਿਚ ਘੱਟ ਤਾਪਮਾਨ ਦਾ ਬੁਰਾ ਅਸਰ ਪੈਂਦਾ ਹੈ।

2. ਕਮਾਦ ਦੀਆਂ ਅਗੇਤੀਆਂ ਕਿਸਮਾਂ ਨੂੰ ਨਵੰਬਰ ਦੇ ਵਿਚ ਦੇ ਤੁਰੰਤ ਪਿਛੋਂ ਖੋਰੀ ਨੂੰ ਬਾਹਰ ਕੱਢ ਕੇ ਖੇਤ ਨੂੰ ਪਾਣੀ ਲਾ ਦਿਓ। ਜਦ ਖੇਤ ਵੱਤਰ ਆਵੇ ਤਾਂ ਗੋਡੀ ਕਰ ਦਿਓ ਜਾਂ ਸਿਆੜਾਂ ਦੇ ਦਰਮਿਆਨ ਵਾਲੀ ਥਾਂ ਵਾਹ ਦਿਓ। ਮੁਢਾਂ ਨੂੰ ਖੋਰੀ ਨਾਲ ਨਾ ਢੱਕੋ।

3. ਮੁਢੀ ਫਸਲ ਨੂੰ ਜਿੰਨੀ ਨੀਵੀਂ ਹੋ ਸਕੇ ਕੱਟੋ ਤਾਂ ਕਿ ਵੱਧ ਪੁੰਗਾਰਾ ਹੋਵੇ। ਜੇਕਰ ਫਿਰ ਵੀ ਕੁਝ ਮੁੱਢ ਉੱਚੇ ਰਹਿ ਜਾਣ ਤਾਂ ਕੋਰਾ ਹਟਣ ਪਿੱਛੋਂ ਇਨ੍ਹਾਂ ਨੂੰ ਜ਼ਮੀਨ ਦੇ ਨੇੜਿਉਂ ਕੱਟ ਦਿਓ।

4. ਜੇਕਰ ਫਸਲ ਕੱਟਣ ਬਾਅਦ ਖੇਤ ਵਿਚ ਕਾਫੀ ਨਦੀਨ ਹੋਣ ਤਾਂ ਖੇਤ ਨੂੰ ਟਰੈਕਟਰ ਨਾਲ ਟਿਲਰ ਲਾ ਕੇ ਵਾਹੋ, ਨਾਲ-ਨਾਲ ਨਦੀਨਾਂ ਦੀ ਰੋਕਥਾਮ ਲਈ ਰਸਾਇਣਕ ਢੰਗ ਵੀ ਵਰਤੋਂ ਵਿਚ ਲਿਆਉ।

5. ਮੁਢੀ ਫਸਲ ਦੀਆਂ ਕਤਾਰਾਂ ਵਿੱਚ ਖਾਲੀ ਰਹਿ ਗਈਆਂ ਥਾਵਾਂ ਤੇ ਮਾਰਚ ਦੇ ਮਹੀਨੇ ਤਿੰਨ ਅੱਖਾਂ ਵਾਲੀਆਂ ਗੁੱਲੀਆਂ ਬੀਜੋ।

6. ਨਵੀਂ ਬੀਜੀ ਫਸਲ ਨਾਲੋਂ ਮੁੱਢੀ ਫਸਲ ਨੂੰ ਖਾਦ ਦੀ ਡੇਢ ਗੁਣਾ ਵੱਧ ਲੋੜ ਪੈਂਦੀ ਹੈ। ਇਸ ਕਰਕੇ ਮੁਢੀ ਫਸਲ ਨੂੰ 90 ਕਿਲੋ ਨਾਈਟ੍ਰੋਜਨ, ਤਿੰਨ ਬਰਾਬਰ ਹਿਸਿਆਂ ਵਿਚ ਕਰ ਕੇ ਪਾਓ। ਪਹਿਲਾਂ ਹਿੱਸਾ ਫਰਵਰੀ-ਮਾਰਚ, ਦੂਜਾ ਅਪ੍ਰੈਲ ਤੇ ਤੀਜਾ ਜੂਨ ਦੇ ਸ਼ੁਰੂ ਪਾਓ।

7. ਮੁਢੀ ਫਸਲ ਉਪਰ ਵੈਰੀ ਕੀੜੇ ਜਿਵੇਂ ਕਿ ਅਗੇਤੀ ਫੋਟ ਦਾ ਗੜੂੰਆਂ ਆਗ ਦਾ ਗੜੂੰਆਂ ਅਤੇ ਕਾਲੀ ਜੂੰ (ਖਟਮਲ) ਦਾ ਹਮਲਾ ਅਗੇਤਾ ਹੀ ਹੋ ਜਾਂਦਾ ਹੈ ਅਤੇ ਇਨ੍ਹਾਂ ਦੀ ਰੋਕਥਾਮ ਬਾਰੇ, ਵੀ ਹੇਠ ਲੜੀਵਾਰ ਦੱਸੀਆਂ ਗਈਆਂ ਹੈ।

**(ੳ) ਅਗੇਤੀ ਫੋਟ ਦੀ ਗੜੂੰਆਂ ਅਤੇ ਸਿਉਂਕ** : ਬਿਜਾਈ ਤੋਂ 45 ਦਿਨਾਂ ਬਾਅਦ 45 ਮਿ.ਲਿ. ਇਮਿਡਾ ਗੋਲਡ 17.8 ਐਸ.ਐਲ ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਓ ਤਾਂ ਸਿਉਂਕ ਦੀ ਰੋਕਥਾਮ ਹੋ ਜਾਵੇਗੀ।

ਜਾਂ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਦਾਣੇਦਾਰ ਦਵਾਈ ਪਾਓ। ਇਸ ਨੂੰ 20 ਕਿਲੋ ਰੇਤ/ਗਿਲੀ ਮਿੱਟੀ ਮਿਲਾ ਕੇ 150



ਗ੍ਰਾਮ ਟਕੂਮੀ 20 WG ਜਾਂ 150 ਮਿਲੀਲਿਟਰ ਕੋਰਾਜਨ 18.5 ਐਸ ਸੀ ਜਾਂ 2 ਲਿਟਰ ਕਲੋਰਪਾਈਰੀਫਾਸ 20 ਈ ਸੀ ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਉ ਅਤੇ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ। ਇਸ ਨਾਲ ਅਗੇਤੀ ਫੋਟ ਦਾ ਗੜੂੰਆਂ ਅਤੇ ਸਿਉਂਕ ਦਾ ਨਾਲੋ-ਨਾਲ ਰੋਕਥਾਮ ਹੋ ਜਾਵੇਗੀ।

**(ਅ) ਥਰਿਪ** : ਇਹ ਰਸ ਚੂਸਨ ਵਾਲੇ ਕੀੜੇ ਅਪ੍ਰੈਲ ਤੋਂ ਜੂਨ ਤੱਕ ਫਸਲ ਦਾ ਨੁਕਸਾਨ ਕਰਦਾ ਹੈ। ਇਹ ਖੁੱਲ ਰਹੇ ਪੱਤਿਆਂ ਵਿੱਚੋਂ ਅਤੇ ਨਵੇਂ ਪੱਤਿਆਂ ਦੇ ਸਿਰਿਆਂ ਤੋਂ ਰਸ ਚੂਸਦਾ ਹੈ। ਜਿਸ ਕਰ ਕੇ ਪੱਤਿਆਂ ਦੇ ਸਿਰੇ ਮੁਰਝਾ ਕੇ ਸੁਕਣੇ ਸ਼ੁਰੂ ਹੋ ਜਾਂਦੇ ਅਤੇ ਅੰਦਰ ਵੱਲ ਮੁੜ ਜਾਂਦੇ ਹਨ।

**(ੲ) ਕਮਾਦ ਦੀ ਜੂੰ (ਮਾਈਟ)** : ਇਹ ਰਸ ਚੂਸਕ ਪੱਤਿਆਂ ਦੇ ਹੇਠਲੇ ਪਾਸੇ ਤੋਂ ਰਸ ਚੂਸਦਾ ਹੈ। ਇਸਦੇ ਹਮਲੇ ਕਰਕੇ ਪਹਿਲਾਂ ਪੱਤੇ ਲਾਲ ਹੋ ਜਾਂਦੇ ਹਨ ਅਤੇ ਬਾਅਦ ਵਿਚ ਸੜੇ ਹੋਏ ਲਗਦੇ ਹਨ। ਬਰੂ ਘਾਹ ਜੋ ਖੇਤਾਂ ਦੇ ਨੇੜੇ ਉਗਿਆ ਹੋਵੇ ਤਾਂ ਉਸ ਨੂੰ ਨਸ਼ਟ ਕਰ ਦਿਓ।

**(ਸ) ਕਾਲਾ ਖਟਮਲ** : ਹਮਲੇ ਵਾਲੀ ਫਸਲ ਪੀਲੀ ਹੋ ਜਾਂਦੀ ਹੈ। ਇਹ ਕੀੜਾ ਪਹਿਲਾਂ ਗੁਲਾਬੀ ਅਤੇ ਫਿਰ ਕਾਲੇ ਰੰਗ ਦਾ ਹੋ ਜਾਂਦਾ ਹੈ। ਇਹ ਅਪ੍ਰੈਲ, ਮਈ ਤੇ ਜੂਨ ਵਿਚ ਬਹੁਤ ਸਰਗਰਮ ਹੁੰਦਾ ਹੈ।

ਇਸ ਦੀ ਰੋਕਥਾਮ ਲਈ 350 ਮਿ.ਲਿ. ਕਲੋਰੋਪਾਈਰੀਫਾਸ 20 ਈ.ਸੀ ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਸਪਰੇ ਦਾ ਰੁਖ ਪੱਤਿਆਂ ਦੀ ਗੋਭ ਵੱਲ ਰੱਖੋ।

# ‘ਦਿਵਯ ਔਸ਼ਧੀ’ ਹੈ ਅਸ਼ੋਕ ਦਾ ਰੁੱਖ



ਅਸ਼ੋਕ ਦਾ ਮਤਲਬ ਹੈ ਸ਼ੋਕ ਰਹਿਤ ਭਾਵ ਜਿਸ ਨੂੰ ਪਾ ਕੇ ਸ਼ੋਕ ਨਾ ਹੋਵੇ । ਇਹ ਆਪਣੇ ਨਾਂ ਵਾਂਗ ਔਰਤਾਂ ਦੀਆਂ ਸਾਰੀਆਂ ਬੀਮਾਰੀਆਂ ਦਾ ਨਾਸ ਕਰ ਕੇ ਸ਼ੋਕ ਨੂੰ ਖਤਮ ਕਰਨ ਵਾਲੀ ਵਣ ਔਸ਼ਧੀ ਹੈ । ਲੰਕਾ 'ਚ ਸੀਤਾ ਜੀ ਨੂੰ ਹਨੂੰਮਾਨ ਜੀ ਵਲੋਂ ਸ੍ਰੀ ਰਾਮ ਦੀ ਭੇਜੀ ਅੰਗੂਠੀ ਅਤੇ ਸੁਨੇਹਾ ਇਸੇ ਰੁੱਖ ਹੇਠਾਂ ਮਿਲੇ ਸਨ । ਕਸ਼ਟ ਨੂੰ ਨਸ਼ਟ ਕਰ ਕੇ ਆਸਾਵਾਂ ਨੂੰ ਪੂਰਾ ਕਰਨ ਲਈ ਅਸ਼ੋਕ ਰੁੱਖ ਦੀ ਪੂਜਾ ਕੀਤੀ ਜਾਂਦੀ ਹੈ ।

ਅਸ਼ੋਕ ਰੁੱਖ ਨੂੰ ਹਿੰਦੂ ਅਤੇ ਬੌਧ ਪਵਿੱਤਰ ਮੰਨਦੇ ਹਨ । ਬੰਗਾਲ ਵਿਚ ਅਸ਼ੋਕ ਛਠੀ ਦੇ ਦਿਨ ਵਿਆਹੁਤਾ ਔਰਤਾਂ ਛਠੀ ਦੇਵੀ ਦੀ ਪੂਜਾ ਤੋਂ ਬਾਅਦ ਦਹੀਂ ਨਾਲ ਅਸ਼ੋਕ ਫੁੱਲ ਦਾ ਪ੍ਰਸਾਦ ਵਾਂਗ ਸੇਵਨ ਕਰਦੀ ਹੈ । ਇਸੇ ਤਰ੍ਹਾਂ ਸਾਡੇ ਦੇਸ਼ 'ਚ ਅਸ਼ੋਕ ਅਸ਼ਟਮੀ ਦਾ ਤਿਉਹਾਰ ਚੇਤਰ ਸ਼ੁਕਲ ਅਸ਼ਟਮੀ ਨੂੰ ਮਨਾਇਆ ਜਾਂਦਾ ਹੈ, ਜਿਸ 'ਚ ਅਸ਼ੋਕ ਰੁੱਖ ਦੀ ਪੂਜਾ-ਅਰਚਨਾ ਦਾ ਵਿਧਾਨ ਹੈ । ਸ਼ੁੱਭ ਮੰਨੇ ਜਾਣ ਵਾਲੇ ਇਸ ਰੁੱਖ ਦੀਆਂ ਟਾਹਣੀਆਂ ਨੂੰ ਮੰਗਲਮਈ ਮੌਕਿਆਂ 'ਤੇ ਬੂਹੇ 'ਤੇ ਲਾਇਆ ਜਾਂਦਾ ਹੈ ।

ਵੈਦਾਂ ਨੇ ਹੀ ਨਹੀਂ, ਸਗੋਂ ਮੌਜੂਦਾ ਇਲਾਜ ਸ਼ਾਸਤਰ ਦੇ ਖੋਜੀਆਂ ਨੇ ਵੀ ਇਸ ਦਾ ਰਸਾਇਣਕ ਵਿਸ਼ਲੇਸ਼ਣ ਕਰ ਕੇ ਦੇਖਿਆ ਹੈ ਕਿ ਇਸ ਦੀ ਛਿੱਲ 'ਚ 'ਹੀਮੈਕਗਸਲਿਨ, ਟੈਨਿਨ, ਕੈਟੇਕਾਲ, ਕੇਟੋਸਟੇਰਾਲ, ਗਲਾਈਕੋਸਾਈਡ, ਸੈਪੋਨਿਨ, ਕਾਰਬਨਿਕ ਕੈਲਸ਼ੀਅਮ ਅਤੇ ਆਇਰਨ ਦੇ ਯੌਗਿਕ ਮੌਜੂਦ ਰਹਿੰਦੇ ਹਨ ਪਰ ਅਲਕੇਲਾਈਡ ਅਤੇ ਇਸੈਂਸੀਅਲ ਆਇਲ ਦੀ ਮਾਤਰਾ ਕਦੇ ਨਹੀਂ ਪਾਈ ਜਾਂਦੀ ।

'ਟੈਨਿਨਲ ਐਸਿਡ' ਦੀ ਵਜ੍ਹਾ ਨਾਲ ਇਸ ਦੀ ਛਿੱਲ ਮਜ਼ਬੂਤ ਤਾਂ ਹੁੰਦੀ ਹੈ, ਨਾਲ ਹੀ ਤੇਜ਼ ਅਸਰ ਕਰਨ ਵਾਲੀ ਹੁੰਦੀ ਹੈ । ਇਹ ਮਿੱਠਾ, ਸ਼ੀਤਲ, ਹਲਕਾ ਅਤੇ ਰੁੱਖਾ ਹੁੰਦਾ ਹੈ । ਅਸ਼ੋਕ ਹੱਡੀਆਂ ਦੇ ਰੋਗਾਂ ਵਿਚ ਹਿਤਕਾਰੀ ਹੋਣ ਦੇ ਨਾਲ-ਨਾਲ ਚਮੜੀ ਦਾ ਰੰਗ ਸਵਾਰਨ ਵਾਲਾ ਦਰਦ ਨਿਵਾਰਕ, ਰੋਗਾਣੂ ਨਾਸ਼ਕ, ਪਿਆਸ ਬੁਝਾਉਣ ਵਾਲਾ ਲਾਭਦਾਇਕ ਹੈ । ਇਸ ਕਬਜ਼, ਦਸਤ, ਬਦਹਜ਼ਮੀ, ਜਲਨ, ਪੇਟ ਦੇ ਵਿਕਾਸ ਆਦਿ ਨੂੰ ਵੀ ਦੂਰ ਕਰਦਾ ਹੈ ।

## ਇਲਾਜ

ਅਸ਼ੋਕਾ ਸੱਕ ਦੀ ਵਰਤੋਂ ਕਈ ਆਯੁਰਵੈਦਿਕ ਦਵਾਈਆਂ ਦੇ ਨਿਰਮਾਣ ਵਿਚ ਕੀਤੀ ਜਾਂਦੀ ਹੈ । ਇਨ੍ਹਾਂ ਦਵਾਈਆਂ ਤੇ ਮੁੱਖ ਰੂਪ ਹਨ, ਅਸ਼ੋਕਾਰਿਸ਼ਟ, ਅਸ਼ੋਕ ਘ੍ਰਿਤ, ਸੁੰਦਰੀ ਕਲਪ, ਲਿਊਕੋਰੀਆ ਨਾਸ਼ਕ ਚੂਰਨ, ਅਸ਼ੋਕ ਕਸ਼ੀਰ ਆਦਿ । ਹੋਮਿਓਪੈਥੀ ਅਤੇ ਐਲੋਪੈਥੀ ਵਿਚ ਵੀ ਅਸ਼ੋਕ ਦੇ ਮਿਸ਼ਰਣ ਨਾਲ ਕੁਝ ਦਵਾਈਆਂ ਬਣਾਈਆਂ ਜਾਂਦੀਆਂ ਹਨ । ਕੁਝ ਕੰਪਨੀਆਂ ਨੇ ਅਸ਼ੋਕ ਦੇ ਸਤ ਤੋਂ ਆਯੁਰਵੈਦਿਕ ਟੀਕੇ ਵੀ ਤਿਆਰ ਕੀਤੇ ਹਨ ।

ਅਸ਼ੋਕ ਸੱਕ ਪਿਸ਼ਾਬ ਕਰਨ ਅਤੇ ਬੰਦ ਹੋਣ ਹੋਣ ਵਾਲੀਆਂ ਬੀਮਾਰੀਆਂ, ਗੁਰਦੇ ਦੀ ਤਕਲੀਫ, ਕਮਜ਼ੋਰੀ, ਆਲਸ ਅਤੇ ਹੋਰ ਖਾਮੀਆਂ 'ਚ ਵੀ ਸੰਜੀਵਨੀ ਵਾਂਗ ਕੰਮ ਕਰਦਾ ਹੈ ।

## ਵਿਸ਼ੇਸ਼

ਦਵਾਈ ਦੀ ਵਰਤੋਂ ਕਰਨ ਤੋਂ ਪਹਿਲਾਂ ਪੇਟ ਨੂੰ ਸਾਫ ਰੱਖੋ । ਦਵਾਈ ਲੈਣ ਸਮੇਂ ਹਲਕਾ ਆਹਾਰ ਲਓ । ਚਾਹ, ਕਾਫੀ ਆਦਿ ਚੀਜ਼ਾਂ ਦੀ ਵਰਤੋਂ ਘੱਟ ਕਰੋ ।

ਸੇਬ, ਮੁਨੱਕਾ, ਪਿੰਡ, ਖਜੂਰ, ਕਿਸਮਿਸ, ਛੁਹਾਰੇ ਤੇ ਮੌਸਮੀ ਫਲਾਂ ਦਾ ਨਾਸ਼ਤਾ ਕਰੋ । ਭੁੱਖ ਤੋਂ ਘੱਟ ਖਾਓ । ਪਾਣੀ ਵੱਧ ਤੋਂ ਵੱਧ ਪੀਓ । ਕੋਈ ਵੀ ਯੋਗਾ ਰੋਜ਼ ਦੋ-ਤਿੰਨ ਮਹੀਨੇ ਜ਼ਰੂਰ ਕਰੋ ।

ਬਾਕੀ ਸਫਾ 11 ਦੀ

# ਖਰਬੂਜ਼ੇ, ਹਲਵੇ ਕੱਦੂ ਦੀਆਂ ਦੋਗਲੀਆਂ ਕਿਸਮਾਂ...

**ਮਾਦਾ ਅਤੇ ਨਰ ਕਿਸਮਾਂ ਦੀ ਜਾਣ-ਪਹਿਚਾਣ :**

**ਪੀ-111** : ਇਹ ਪੀ ਪੀ ਐੱਚ-2 ਦੀ ਮਾਦਾ ਕਿਸਮ ਹੈ । ਇਸ ਦੀਆਂ ਵੇਲਾਂ ਮੱਧ ਲੰਬੀਆਂ, ਤਣਾ ਤਿਕੋਣਾਂ, ਗੰਢਾਂ ਵਿਚਲਾ ਫਾਸਲਾ ਦਰਮਿਆਨਾ ਅਤੇ ਪੱਤਰਾਲ ਹਰਾ ਅਤੇ ਦਰਮਿਆਨਾ ਹੁੰਦਾ ਹੈ । ਇਸ ਦੇ ਫਲ ਦਰਮਿਆਨੇ ਬੈਠਵੇਂ-ਗੋਲ ਤੇ ਗੂੜੇ-ਹਰੇ ਹੁੰਦੇ ਹਨ, ਜੋ ਪੱਕਣ ਤੇ ਭੂਰੇ ਹੋ ਜਾਂਦੇ ਹਨ । ਇਸ ਦਾ ਗੁੱਦਾ ਸੁਨਹਿਰੀ ਹੁੰਦਾ ਹੈ ।

**ਪੀ-112** : ਇਹ ਪੀ ਪੀ ਐੱਚ-1 ਦੀ ਮਾਦਾ ਕਿਸਮ ਹੈ । ਇਸ ਦੀਆਂ ਵੇਲਾਂ ਮੱਧ ਲੰਬੀਆਂ, ਤਣਾ ਤਿਕੋਣਾ, ਗੰਢਾਂ ਵਿਚਲਾ ਫਾਸਲਾ ਦਰਮਿਆਨਾ ਅਤੇ ਪੱਤਰਾਲ ਹਰਾ ਅਤੇ ਦਰਮਿਆਨਾ ਹੁੰਦਾ ਹੈ । ਇਸ ਦੇ ਫਲ ਦਰਮਿਆਨੇ ਬੈਠਵੇਂ-ਗੋਲ ਅਤੇ ਫਿੱਕੇ-ਹਰੇ ਹੁੰਦੇ ਹਨ, ਜੋ ਪੱਕਣ ਤੇ ਭੂਰੇ ਹੋ ਜਾਂਦੇ ਹਨ । ਇਸ ਦਾ ਗੁੱਦਾ ਸੁਨਹਿਰੀ ਹੁੰਦਾ ਹੈ ।

**ਪੀ ਬੀ ਐੱਲ-364** : ਇਹ ਪੀ ਪੀ ਐੱਚ-1 ਅਤੇ ਪੀ ਪੀ ਐੱਚ ਦੀ ਨਰ ਕਿਸਮ ਹੈ । ਇਸ ਦੀਆਂ ਵੇਲਾਂ ਛੋਟੀਆਂ, ਤਣਾ ਤਿਕੋਣਾ, ਗੰਢਾਂ ਵਿਚਲਾ ਫਾਸਲਾ



ਘੱਟ ਅਤੇ ਪੱਤਰਾਲ ਹਰਾ ਅਤੇ ਛੋਟਾ ਹੁੰਦਾ ਹੈ । ਇਸ ਦੇ ਫਲ ਛੋਟੇ ਬਟਰਨੱਟ, ਫਿੱਕੇ-ਹਰੇ ਹੁੰਦੇ ਹਨ, ਜੋ ਪੱਕਣ ਤੇ ਭੂਰੇ ਹੋ ਜਾਂਦੇ ਹਨ । ਇਸ ਦਾ ਗੁੱਦਾ ਮੋਟਾ ਅਤੇ ਸੁਨਹਿਰੀ ਹੁੰਦਾ ਹੈ । ਇਹ ਇੱਕ ਅਗੇਤੀ ਕਿਸਮ ਹੈ ।

**ਫਾਸਲਾ ਅਤੇ ਨਰ-ਮਾਦਾ ਕਿਸਮਾਂ ਦਾ ਅਨੁਪਾਤ** : ਮਾਦਾ ਅਤੇ ਨਰ ਕਿਸਮਾਂ ਨੂੰ 3:1 ਅਨੁਪਾਤ ਵਿਚ ਖੇਤ ਵਿੱਚ ਲਗਾਇਆ ਜਾਂਦਾ ਹੈ । ਮਾਦਾ ਕਿਸਮ ਦੀਆਂ ਵੇਲਾਂ ਲੰਬੀਆਂ ਹੋਣ ਕਾਰਨ 3 ਮੀਟਰ ਚੌੜੀਆਂ ਪਟਰੀਆਂ ਦੇ ਦੋਨੋਂ ਪਾਸੇ 60 ਸੈਂ. ਮੀ. ਫਾਸਲੇ ਤੇ ਅਤੇ ਨਰ ਕਿਸਮ ਦੀਆਂ ਵੇਲਾਂ ਛੋਟੀਆਂ ਹੋਣ ਕਾਰਨ 1.5 ਮੀਟਰ ਚੌੜੀਆਂ ਪਟਰੀਆਂ ਦੇ ਦੋਨੋਂ ਪਾਸੇ 45 ਸੈਂ. ਮੀ. ਫਾਸਲੇ ਤੇ ਲਗਦੀਆਂ ਹਨ । ਸਿੱਧੀ ਬਿਜਾਈ ਵੀ ਇਸੇ ਫਾਸਲੇ ਤੇ ਕੀਤੀ ਜਾਂਦੀ ਹੈ । ਹਲਵੇ ਕੱਦੂ ਦੇ ਦੋਗਲੇ ਬੀਜ ਉਤਪਾਦਨ ਲਈ ਦੂਜੇ ਖੇਤਾਂ ਤੋਂ ਜ਼ਿਆਦਾ ਦੂਰੀ ਰੱਖਣ ਦੀ ਲੋੜ ਨਹੀਂ । ਜਦੋਂ ਵੇਲਾਂ ਥੋੜੀਆਂ ਵੱਧ ਜਾਣ ਤਾਂ ਓਪਰੇ ਬੂਟੇ ਪੁੱਟ ਦਿਓ ਅਤੇ ਪਰਪਰਾਗਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਦਿਉ ।

**ਫੁੱਲ-ਡੋਡੀ ਢੱਕਣਾ ਅਤੇ ਪਰਪਰਾਗਣ ਕਰਨਾ** : ਹਲਵਾ ਕੱਦੂ ਦਾ ਪਰਪਰਾਗਣ ਦਾ ਕੰਮ ਨਰ ਅਤੇ ਮਾਦਾ ਦੇ ਫੁੱਲ ਆਉਣ ਤੇ ਸ਼ੁਰੂ ਕਰੋ । ਮਾਦਾ ਡੋਡੀਆਂ ਨੂੰ ਖੁੱਲਣ ਤੋਂ ਇੱਕ ਦਿਨ ਪਹਿਲਾਂ ਮੱਖੀਆਂ ਤੋਂ ਬਚਾਉਣ ਲਈ ਲਿਫਾਫੇ ਨਾਲ ਢੱਕ ਦਿਉ । ਅਗਲੀ ਸਵੇਰ ਨਰ ਕਿਸਮ ਦੇ ਢੱਕੇ ਅਤੇ ਖੁੱਲ੍ਹੇ ਫੁੱਲ ਤੋੜ ਕੇ ਮਾਦਾ ਕਿਸਮ ਦੇ ਫੁੱਲਾਂ ਦਾ ਪਰਪਰਾਗਣ ਕਰੋ ਅਤੇ ਡੋਡੀਆਂ ਨੂੰ ਲਿਫਾਫੇ ਨਾਲ ਫਿਰ ਢੱਕ ਕੇ ਲੇਬਲ ਲਗਾ ਦਿਉ । ਸਮੇਂ-ਸਮੇਂ ਤੇ ਅਲੱਗ ਦਿੱਖ ਅਤੇ ਬਿਮਾਰੀ ਵਾਲੇ ਬੂਟੇ ਪੁੱਟ ਕੇ



ਨਸ਼ਟ ਕਰਦੇ ਰਹੋ । ਹਲਵਾ ਕੱਦੂ ਦੇ ਫੁੱਲ ਵੱਡੇ ਅਤੇ ਫਲ ਵਿੱਚ ਜ਼ਿਆਦਾ ਬੀਜ ਹੋਣ ਕਰਕੇ ਪਰਪਰਾਗਣ ਕਰਨਾ ਸੌਖਾ ਹੁੰਦਾ ਹੈ । ਇੱਕ ਵੇਲ ਨੂੰ 2-3 ਫਲ ਲੱਗਦੇ ਹਨ । ਔਸਤਨ ਇੱਕ ਆਦਮੀ ਇੱਕ ਘੰਟੇ ਵਿੱਚ ਲਗਭਗ 55 ਫੁੱਲ ਪਰਪਰਾਗਣ ਕਰ ਲੈਂਦਾ ਹੈ । ਜੇਕਰ ਇੱਕ ਫਲ ਵਿੱਚੋਂ 30 ਗ੍ਰਾਮ ਬੀਜ ਨਿਕਲਦਾ ਹੈ ਤਾਂ ਇੱਕ ਘੰਟੇ ਦੇ ਪਰਪਰਾਗਣ ਨਾਲ 1.65 ਕਿਲੋ ਬੀਜ ਤਿਆਰ ਹੋ ਜਾਂਦਾ ਹੈ । ਇਸ ਤਰ੍ਹਾਂ ਇੱਕ ਮਹੀਨੇ ਵਿੱਚ 49.5 ਕਿਲੋ ਬੀਜ ਤਿਆਰ ਹੋ ਜਾਂਦਾ ਹੈ ।

**ਤੁੜਾਈ ਅਤੇ ਬੀਜ ਕੱਢਣਾ** : ਖਰਬੂਜ਼ੇ ਵਿੱਚ ਮਾਦਾ ਕਿਸਮਾਂ ਦੇ ਪਰਾਗ ਰਹਿਤ ਵੇਲਾਂ ਤੋਂ ਹੀ ਦੋਗਲਾ ਬੀਜ ਪ੍ਰਾਪਤ ਕਰੋ । ਇਸ ਦੇ ਲਈ ਪੂਰੇ ਪੱਕੇ ਫਲਾਂ ਦੀ ਤੁੜਾਈ ਕਰਨੀ ਚਾਹੀਦੀ ਹੈ, ਜਿਸ ਦੀ ਪਹਿਚਾਣ ਡੰਡੀ ਕੋਲ ਹਲਕੀ ਜਿਹੀ ਬਿਆਈ ਤੋਂ ਕੀਤੀ ਜਾ ਸਕਦੀ ਹੈ । ਤੁੜਾਈ ਉਪਰੰਤ ਫਲਾਂ ਨੂੰ ਕੱਟ ਕੇ ਬੀਜ ਕੱਢੋ ਅਤੇ ਜਾਲਾ ਗਲਣ ਲਈ ਰੱਖ ਦਿਉ । ਮਿੱਟੀ ਦੇ ਬਰਤਨ ਜਾਂ ਪਲਾਸਟਿਕ ਦੇ ਲਿਫਾਫੇ ਵਿਚ ਜਾਲਾ ਗਲਣ ਦਿਉ । ਗਲੇ ਹੋਏ ਜਾਲੇ ਵਿੱਚੋਂ ਧੋ ਕੇ ਬੀਜ ਸਾਫ ਕਰ ਲਉ ਅਤੇ 6-7% ਨਮੀਂ ਤੱਕ ਸੁਕਾ ਲਉ । ਜਦੋਂ ਕਿ ਹਲਵੇ ਕੱਦੂ ਦੇ ਮਾਦਾ ਬੂਟੇ ਤੋਂ ਪਰਪਰਾਗਣ ਨਾਲ ਤਿਆਰ ਕੀਤੇ ਪੂਰੇ ਪੱਕੇ ਅਤੇ ਭੂਰੇ ਫਲ ਤੋੜੋ । ਬੀਜ ਨੂੰ ਕੱਢ ਕੇ ਸਾਦੇ ਪਾਣੀ ਨਾਲ ਧੋ ਲਉ ਅਤੇ ਛਾਂ ਵਿੱਚ ਸੁਕਾ ਕੇ (8% ਨਮੀ) ਸੁੱਕੀ ਜਗ੍ਹਾ ਤੇ ਰੱਖ ਲਉ ।

**ਮਾਦਾ ਅਤੇ ਨਰ ਕਿਸਮਾਂ ਦੀ ਉਪਲੱਬਧਤਾ** : ਖਰਬੂਜ਼ੇ ਅਤੇ ਹਲਵੇ ਕੱਦੂ ਦੀਆਂ ਦੋਗਲੀਆਂ ਕਿਸਮਾਂ ਦੇ ਮਾਪਿਆਂ ਦਾ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਬਜ਼ੀ ਵਿਭਾਗ ਨਾਲ ਪਰਸਪਰ ਸਮਝੌਤੇ ਅਧੀਨ ਪ੍ਰਾਪਤ ਕੀਤੇ ਜਾ ਸਕਦੇ ਹਨ ।

**ਸਾਰਣੀ 1. ਖਰਬੂਜ਼ੇ ਅਤੇ ਹਲਵੇ ਕੱਦੂ ਦੀਆਂ ਕਾਸ਼ਤਕਾਰੀ ਵਿਧੀਆਂ**

| ਵਿਧੀ | ਖਰਬੂਜ਼ਾ | ਹਲਵਾ ਕੱਦੂ |
|---|---|---|
| ਬਿਜਾਈ | ਪਲੱਗ ਵਾਲੀਆਂ ਟਰੇਆਂ ਵਿੱਚ : ਜਨਵਰੀ ਦੇ ਦੂਜੇ ਪੰਦਰਵਾੜੇ<br>ਸਿੱਧੀ ਬਿਜਾਈ : ਅੱਧ ਫਰਵਰੀ ਤੋਂ ਅੱਧ ਮਾਰਚ | ਪਲੱਗ ਵਾਲੀਆਂ ਟਰੇਆਂ : ਜਨਵਰੀ ਤੇ ਦੂਜੇ ਪੰਦਰਵਾੜੇ<br>ਸਿੱਧੀ ਬਿਜਾਈ : ਅੱਧ ਫਰਵਰੀ ਤੋਂ ਅੱਧ ਮਾਰਚ |
| ਬਿਜਾਈ ਦੀ ਮਾਤਰਾ (ਪ੍ਰਤੀ ਏਕੜ) | ਮਾਦਾ : 800 ਗ੍ਰਾਮ<br>ਨਰ : 200 ਗ੍ਰਾਮ | ਮਾਦਾ : 750 ਗ੍ਰਾਮ<br>ਨਰ : 250 ਗ੍ਰਾਮ |
| ਫਾਸਲਾ (ਬੈੱਡ ਦੇ ਦੋਨੋਂ ਪਾਸੇ ਬਿਜਾਈ ਕਰੋ) | ਮਾਦਾ : 300×20 ਸੈਂ. ਮੀ.<br>ਨਰ : 300×60 ਸੈਂ. ਮੀ. | ਮਾਦਾ : 300×60 ਸੈਂ. ਮੀ.<br>ਨਰ : 150×45 ਸੈਂ. ਮੀ. |
| ਖਾਦਾਂ (ਕਿਲੋ ਪ੍ਰਤੀ ਏਕੜ) | ਰੂੜੀ : 100-150 ਕੁਇੰਟਲ ਪ੍ਰਤੀ ਏਕੜ<br>ਯੂਰੀਆ : 110*, ਐੱਸ ਐੱਸ ਪੀ : 155,<br>ਪੋਟਾਸ਼ : 90 ਕਿਲੋ ਪ੍ਰਤੀ ਏਕੜ<br>40* ਕਿਲੋ ਯੂਰੀਆ ਬਿਜਾਈ ਵੇਲੇ ਅਤੇ<br>70 ਕਿਲੋ ਯੂਰੀਆ ਮਿੱਟੀ ਚੜਾਉਣ ਵੇਲੇ ਪਾਉ | ਰੂੜੀ : 80-100 ਕੁਇੰਟਲ ਪ੍ਰਤੀ ਏਕੜ<br>ਯੂਰੀਆ* : 90 ਕਿਲੋ ਪ੍ਰਤੀ ਏਕੜ<br>45* ਕਿਲੋ ਯੂਰੀਆ ਬਿਜਾਈ ਵੇਲੇ ਅਤੇ<br>45 ਕਿਲੋ ਯੂਰੀਆ ਮਹੀਨੇ ਬਾਅਦ ਪਾਉ |
| ਨਦੀਨਾਂ ਦੀ ਰੋਕਥਾਮ | ਖਾਲੀਆਂ ਦੀਆਂ 2-3 ਗੋਡੀਆਂ ਅਤੇ ਵੇਲਾਂ ਵਧਣ ਤੋਂ ਪਹਿਲਾਂ ਟ੍ਰੈਕਟਰ ਨਾਲ ਬੈੱਡਾਂ ਦੀ ਵਹਾਈ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਬਾਅਦ ਵਿੱਚ ਵੇਲਾਂ ਫੈਲਣ ਨਾਲ ਨਦੀਨ ਘੱਟ ਹੁੰਦੇ ਹਨ । | ਖਾਲੀਆਂ ਅਤੇ ਬੈੱਡਾਂ ਦੀਆਂ 2-3 ਗੋਡੀਆਂ ਕਰਦੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । |
| ਪਾਣੀ | ਪਹਿਲਾ ਪਾਣੀ ਬਿਜਾਈ ਤੋਂ ਇੱਕਦਮ ਬਾਅਦ ਅਤੇ ਅਗਲੇ ਪਾਣੀ 6-7 ਦਿਨਾਂ ਦੇ ਵਕਫੇ 'ਤੇ ਮੌਸਮ, ਜ਼ਮੀਨ ਦੀ ਕਿਸਮ, ਵੇਲਾਂ ਵਾਧੇ ਅਤੇ ਫਲ ਦੇ ਪਕਾਅ ਦੇ ਹਿਸਾਬ ਨਾਲ ਪਾਣੀ ਦਿੰਦੇ ਰਹੋ । | ਪਹਿਲਾ ਪਾਣੀ ਬਿਜਾਈ ਵੇਲੇ ਜਾਂ ਵੇਲਾਂ ਲਾ ਕੇ ਅਤੇ ਬਾਅਦ ਵਿੱਚ ਮੌਸਮ ਅਨੁਸਾਰ 5-7 ਦਿਨ ਤੇ ਹਲਕੀ ਸਿੰਚਾਈ ਕਰਦੇ ਰਹੋ । |

# ਸ਼ਿਮਲਾ ਮਿਰਚ ਪੈਦਾ ਕਰਨ ਵਿੱਚ ਕਪੂਰਥਲਾ ਅਵੱਲ, 550 ਏਕੜ ਰਕਬੇ ਵਿੱਚ ਹੋ ਰਹੀ ਖੇਤੀ

- ਪ੍ਰਤੀ ਏਕੜ ਰਕਬੇ ਵਿੱਚ ਇੱਕ ਲੱਖ ਰੁਪਏ ਤੱਕ ਆਉਂਦਾ ਹੈ ਖਰਚ
- 10 ਤੋਂ 15 ਰੁਪਏ ਭਾਅ ਮਿਲੇ ਤਾਂ ਲੱਖਾਂ ਵਿੱਚ ਹੋ ਸਕਦੀ ਹੈ ਕਮਾਈ

ਕਪੂਰਥਲਾ ਦੇ ਬਲਾਕ ਸੁਲਤਾਨਪੁਰ ਲੋਧੀ ਦੇ ਪਿੰਡ ਬੂਲਪੁਰ ਤੋਂ ਲੈ ਕੇ ਝੱਟਾ ਅਤੇ ਟਿੱਬਾ ਤੋਂ ਲੈ ਕੇ ਸਵਾਲ ਪਿੰਡ ਵਿੱਚ 550 ਏਕੜ ਵਿੱਚ ਸ਼ਿਮਲਾ ਮਿਰਚ ਦੀ ਖੇਤੀ ਕੀਤੀ ਜਾਂਦੀ ਹੈ, ਜਿਸ ਦੀ ਉੱਤਰ ਭਾਰਤ ਵਿੱਚ ਸਭ ਤੋਂ ਜ਼ਿਆਦਾ ਪੈਦਾਵਾਰ ਕਪੂਰਥਲਾ ਜ਼ਿਲ੍ਹੇ ਤੋਂ ਹੁੰਦੀ ਹੈ। ਇਨ੍ਹਾਂ



ਪਿੰਡਾਂ ਦੇ ਕਿਸਾਨ ਸਬਜ਼ੀ ਬਿਜਾਈ ਕਰਨ ਵਿੱਚ ਅਗਾਂਹਵਧੂ ਹਨ। ਮੰਡੀਕਰਨ ਦੀ ਸਮੱਸਿਆ ਹੋਣ ਦੇ ਬਾਵਜੂਦ ਨੇੜੇ-ਤੇੜੇ ਦੇ ਲੋਕ ਖੇਤਾਂ ਵਿੱਚ ਹੀ ਤਾਜ਼ੀਆਂ ਸਬਜ਼ੀਆਂ ਕਿਸਾਨਾਂ ਤੋਂ ਖਰੀਦਦੇ ਹਨ। ਕਿਸਾਨ ਅਜੀਤ ਸਿੰਘ, ਦਵਿੰਦਰ ਸਿੰਘ, ਸਰਵਣ ਸਿੰਘ ਚੰਦੀ, ਸੁਖਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬਜ਼ੁਰਗ ਸ਼ੁਰੂ ਤੋਂ ਹੀ ਸ਼ਿਮਲਾ ਮਿਰਚ ਸਬਜ਼ੀ ਖੇਤੀ ਕਰਦੇ ਆ ਰਹੇ ਹਨ, ਜਿਸ ਕਾਰਨ ਉਨ੍ਹਾਂ ਦਾ ਝੁਕਾਅ ਵੀ ਇਸੇ ਵੱਲ ਹੈ। ਜੇਕਰ ਸ਼ਿਮਲਾ ਮਿਰਚ ਦੇ 10 ਤੋਂ 15 ਰੁਪਏ ਕਿਲੋ ਭਾਅ ਮਿਲਦੇ ਹਨ, ਤਾਂ ਪ੍ਰਤੀ ਏਕੜ ਤੋਂ ਇੱਕ ਲੱਖ ਰੁਪਏ ਦੀ ਕਮਾਈ ਹੋ ਸਕਦੀ ਹੈ।

15 ਅਕਤੂਬਰ ਤੋਂ ਲੈ ਕੇ 15 ਨਵੰਬਰ ਤੱਕ ਖੇਤਾਂ ਵਿੱਚ ਪਨੀਰੀ ਲਗਾਈ ਜਾਂਦੀ ਹੈ। 20-25 ਦਿਨਾਂ ਬਾਅਦ ਖੇਤਾਂ ਵਿੱਚ ਟਰਾਂਸਪਲਾਂਟ ਕਰਨਾ ਸ਼ੁਰੂ ਕਰਦੇ ਹਨ। ਜੇਕਰ ਬਾਰਿਸ਼ ਨਾ ਹੋਵੇ ਤਾਂ 20 ਦਿਨਾਂ ਦੇ ਵਕਫੇ ਵਿੱਚ ਥੋੜ੍ਹਾ-ਥੋੜ੍ਹਾ ਪਾਣੀ ਲਗਾਉਣਾ ਚਾਹੀਦਾ ਹੈ। ਦਸੰਬਰ ਵਿੱਚ ਮਿਰਚ ਦੇ ਪੌਦਿਆਂ ਨੂੰ ਪੋਲੀਸ਼ੀਟ ਨਾਲ ਢੱਕਣਾ ਪੈਂਦਾ ਹੈ ਅਤੇ ਲੋਹੇ ਦੇ ਰਿੰਗ ਲਗਾਉਣੇ ਪੈਂਦੇ ਹਨ, ਤਾਂਕਿ ਸਬਜ਼ੀ ਦਾ ਆਕਾਰ ਟੇਢਾ-ਮੇਢਾ ਨਾ ਹੋ ਸਕੇ। ਸ਼ਿਮਲਾ ਮਿਰਚ ਦੀ ਫ਼ਸਲ ਜ਼ਿਆਦਾ ਗਰਮੀ ਅਤੇ ਸਰਦੀ ਨੂੰ ਨਹੀਂ ਸਹਿ ਸਕਦੀ ਹੈ, ਜਿਸ ਕਾਰਨ ਇਸ ਸਬਜ਼ੀ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਸ਼ਿਮਲਾ ਮਿਰਚ ਨੂੰ ਸਵੀਟ ਪਾਈਵਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਕਿਉਂਕਿ ਹਰੀ ਅਤੇ ਲਾਲ ਮਿਰਚ ਦੀ ਤੁਲਨਾ ਵਿੱਚ ਇਹ ਘੱਟ ਤਿੱਖੀ ਹੁੰਦੀ ਹੈ। ਸ਼ਿਮਲਾ ਮਿਰਚ ਦੀ ਖੇਤੀ ਵਿੱਚ ਪ੍ਰਤੀ ਏਕੜ 1 ਲੱਖ ਰੁਪਏ ਖਰਚ ਆਉਂਦਾ ਹੈ।

### ਫਰਵਰੀ ਵਿੱਚ ਮੌਸਮ ਬਦਲਣ ਤੋਂ ਬਾਅਦ ਤਿਆਰ ਹੋਣੀ ਸ਼ੁਰੂ ਹੁੰਦੀ ਹੈ ਸ਼ਿਮਲਾ ਮਿਰਚ

ਕਿਸਾਨਾਂ ਦਾ ਕਹਿਣਾ ਹੈ ਕਿ 15 ਫਰਵਰੀ ਤੋਂ ਮੌਸਮ ਵਿੱਚ ਤਬਦੀਲੀ ਆਉਣ ਤੋਂ ਬਾਅਦ ਅਤੇ ਸਰਦੀ ਘੱਟ ਹੋਣ ’ਤੇ ਪੋਲੀਸ਼ੀਟ ਉਤਾਰ ਦਿੱਤੀ ਜਾਂਦੀ ਹੈ, ਜਿਸ ਤੋਂ ਬਾਅਦ ਗੋਡੀ ਕੀਤੀ ਜਾਂਦੀ ਹੈ ਅਤੇ ਖਾਦ ਪਾਈ ਜਾਂਦੀ ਹੈ। ਫਰਵਰੀ ਦੇ ਅਖੀਰਲੇ ਦਿਨਾਂ ਵਿੱਚ ਸਬਜ਼ੀ ਤਿਆਰ ਹੋ ਜਾਂਦੀ ਹੈ। ਇਸ ਦਾ ਪੀਕ ਸੀਜ਼ਨ 15 ਮਾਰਚ ਤੋਂ ਲੈ ਕੇ 15 ਮਈ ਤੱਕ ਰਹਿੰਦਾ ਹੈ। ਜਿੱਥੇ ਕਿਸਾਨ ਇਸ ਦੀ ਤੁੜਾਈ ਕਰਦੇ ਹਨ। ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਮੰਡੀ ਵਿੱਚ ਸ਼ਿਮਲਾ ਮਿਰਚ ਦਾ ਰੇਟ ਡੇਢ ਤੋਂ 2 ਰੁਪਏ ਮਿਲਦਾ ਹੈ। ਜਦੋਂਕਿ ਕਸਟਮਰ ਨੂੰ ਬਾਜ਼ਾਰ ਵਿੱਚ 30 ਰੁਪਏ ਪ੍ਰਤੀ ਕਿਲੋ ਮੁੱਲ ’ਤੇ ਮਿਲਦੀਆਂ ਹਨ। ਵਿਚੋਲੇ ਜ਼ਿਆਦਾ ਫਾਇਦਾ ਚੁੱਕਦੇ ਹਨ। ਜੇਕਰ ਇਹ ਫਾਸਲਾ ਖਤਮ ਹੋ ਜਾਵੇ ਤਾਂ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਫਲ ਮਿਲ ਸਕਦਾ ਹੈ, ਨਹੀਂ ਤਾਂ ਖਰਚ ਹੀ ਪੂਰਾ ਹੁੰਦਾ ਹੈ।

### ਸਬਜ਼ੀ ਪ੍ਰੋਸੈਸਿੰਗ1 ਪਲਾਂਟ ਲੱਗਣ ਤਾਂ ਕਿਸਾਨਾਂ ਨੂੰ ਹੋਵੇਗਾ ਫਾਇਦਾ

ਪੂਰੇ ਉੱਤਰ ਭਾਰਤ ਵਿੱਚ ਕਪੂਰਥਲਾ ਜ਼ਿਲ੍ਹੇ ਦਾ ਬਲਾਕ ਸੁਲਤਾਨਪੁਰ ਸਬਜ਼ੀ ਉਗਾਉਣ ਲਈ ਮਸ਼ਹੂਰ ਹੈ। ਜਿੱਥੇ ਮੌਸਮ ਪ੍ਰਤੀਕੂਲ ਰਹਿਣ ’ਤੇ ਸਬਜ਼ੀਆਂ ਦੀ ਖੇਤੀ ਕੀਤੀ ਜਾਂਦੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਹਾਰਟੀਕਲਚਰ ਵਿਭਾਗ ਅਤੇ ਸਰਕਾਰ ਇਸ ਖੇਤਰ ਵਿੱਚ ਸਬਜ਼ੀ ਪ੍ਰੋਸੈਸਿੰਗ ਪਲਾਂਟ ਲਗਾਏ ਤਾਂ ਇਸ ਦਾ ਸਿੱਧਾ ਅਸਰ ਕਿਸਾਨਾਂ ਦੀ ਆਮਦਨ ’ਤੇ ਪਏਗਾ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਰੋਜ਼ਗਾਰ ਵੀ ਮਿਲੇਗਾ।

# ਛੋਲਿਆਂ ਦੀ ਕਾਸ਼ਤ : ਬਿਮਾਰੀਆਂ ਦੀ ਪਛਾਣ ਅਤੇ ਰੋਕਥਾਮ

ਕੇ. ਕੇ. ਸ਼ਰਮਾ ਅਤੇ ਬਲਵਿੰਦਰ ਸਿੰਘ ਢਿੱਲੋਂ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ।

**ਛੋਲਿਆਂ ਦੀ ਫਸਲ ਉੱਤੇ ਆਉਣ ਵਾਲੀਆਂ ਬਿਮਾਰੀਆਂ ਕਾਰਨ ਨੁਕਸਾਨ ਕਾਫੀ ਜ਼ਿਆਦਾ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਸਮੇਂ ਸਿਰ ਰੋਕਥਾਮ ਬਹੁਤ ਜ਼ਰੂਰੀ ਹੈ। ਇਨ੍ਹਾਂ ਬਿਮਾਰੀਆਂ ਦਾ ਸਹੀ ਪ੍ਰਬੰਧਨ ਫਸਲ ਦੇ ਉਤਪਾਦਨ ਨੂੰ ਵਧਾ ਸਕਦਾ ਹੈ ਅਤੇ ਗੁਣਵੱਤਾ ’ਚ ਸੁਧਾਰ ਕਰ ਸਕਦਾ ਹੈ। ਇਸ ਲਈ ਇਹ ਵੱਖ ਵੱਖ ਬਿਮਾਰੀਆਂ ਅਤੇ ਇਸ ਦੇ ਪ੍ਰਬੰਧ ’ਤੇ ਹੈ।**

### ਬਿਮਾਰੀਆਂ

**ਉਖੇੜਾ** : ਬਿਮਾਰੀ ਦੇ ਲੱਛਣ ਬੀਜਣ ਤੋਂ 21-35 ਦਿਨਾਂ ਬਾਅਦ ਤੋਂ ਲੈ ਕੇ ਫਲੀਆਂ ਬਣਨ ਦੀ ਅਵਸਥਾ ਤੱਕ ਦਿਸ ਸਕਦੇ ਹਨ। ਬਿਮਾਰੀ ਵਾਲੇ ਬੂਟੇ ਪਹਿਲਾਂ ਹਲਕੇ ਹਰੇ ਹੋ ਜਾਂਦੇ ਹਨ ਅਤੇ ਕਰੂੰਬਲਾਂ ਮੁਰਝਾ ਜਾਂਦੀਆਂ ਹਨ। ਹੌਲੀ-ਹੌਲੀ ਪੱਤੇ ਦੀ ਪੀਲੇ ਪੈਣ ਲੱਗ ਪੈਂਦੇ ਹਨ। ਇਹੋ ਜਿਹੇ ਬੂਟੇ ਵਧਣ ‘ਚ ਅਸਫਲ ਰਹਿੰਦੇ ਹਨ। ਇਸ ਬਿਮਾਰੀ ਦੀ ਪੱਕੀ ਪਛਾਣ ਬੂਟਿਆਂ ਦੀਆਂ ਜੜ੍ਹਾਂ ਨੂੰ ਵੇਖ ਕੇ ਕਰ ਸਕਦੇ ਹਨ, ਜਿਹੜੀ ਅੰਦਰੋਂ ਭੂਰੀ ਕਾਲੀ ਹੋ ਜਾਂਦੀ ਹੈ। ਕਿਸੇ ਸਮੇਂ, ਬੂਟੇ ਦੇ ਇਕ ਪਾਸੇ ਹੀ ਬਿਮਾਰੀ ਦਾ ਹਮਲਾ ਹੁੰਦਾ ਹੈ, ਜਿੱਥੇ ਸਿਰਫ ਉਸ ਪਾਸੇ ਦੀਆਂ ਸ਼ਾਖਾਵਾਂ ਹੀ ਮੁਰਝਾ ਕੇ ਸੁੱਕ ਜਾਂਦੀਆਂ ਹਨ। ਮੁਰਝਾਏ ਤੇ ਮਰੇ ਹੋਏ ਬੂਟਿਆਂ ਦੇ ਸਮੂਹ ਜਾਂ ਇਕੱਲਾ-ਇਕੱਲਾ ਬੂਟਾ ਬਿਮਾਰੀ ਵਾਲੇ ਖੇਤ ‘ਚ ਆਮ ਤੌਰ ‘ਤੇ ਵੇਖਿਆ ਜਾ ਸਕਦਾ ਹੈ। ਮਿੱਟੀ ਦਾ 24-27 ਡਿਗਰੀ ਸੈਂਟੀਗ੍ਰੇਡ ਤਾਪਮਾਨ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੈ। ਇਸ ਰੋਗ ਦਾ ਟਾਕਰਾ ਕਰ ਸਕਣ ਵਾਲੀਆਂ ਛੋਲਿਆਂ ਦੀਆਂ ਉੱਨਤ ਕਿਸਮਾਂ ਪੀ ਬੀ ਜੀ-8, ਪੀ ਬੀ ਜੀ-4, ਜੀ ਪੀ ਐਫ-2, ਪੀ ਬੀ ਜੀ-7, ਪੀ ਬੀ ਜੀ-5 ਅਤੇ ਕਾਬਲੀ ਕਿਸਮ ਐੱਲ-552 ਦੀ ਕਾਸ਼ਤ ਕਰਨੀ ਚਾਹੀਦੀ ਹੈ।

**ਝੁਲਸ (ਚਾਨਣੀ) ਰੋਗ** : ਆਮ ਤੌਰ ‘ਤੇ ਇਸ ਬਿਮਾਰੀ ਦਾ ਹਮਲਾ ਫਸਲ ‘ਤੇ ਫੁੱਲ ਆਉਣ ਦੇ ਨੇੜੇ ਹੁੰਦਾ ਹੈ। ਇਸ ਦੇ ਨਾਲ ਜ਼ਮੀਨ ਉੱਪਰ ਪੌਦਿਆਂ ਦੇ ਸਾਰੇ ਭਾਗਾਂ ਜਿਵੇਂ ਕਿ ਪੱਤਿਆਂ, ਤਣੇ, ਟਾਹਣੀਆਂ



ਤੇ ਫਲੀਆਂ ਉੱਤੇ ਗੂੜੇ ਭੂਰੇ ਧੱਬੇ ਪੈ ਜਾਂਦੇ ਹਨ। ਇਨ੍ਹਾਂ ਧੱਬਿਆਂ ‘ਚ ਚਿੰਬੜੇ ਉੱਲੀ ਦੇ ਕਾਲੇ ਟਿਮਕਣੇ ਜਿਹੇ ਬਣ ਜਾਂਦੇ ਹਨ। ਇੱਥੋਂ ਤੱਕ ਕਿ ਸੰਕਰਮਿਤ ਫਲੀਆਂ ਵਿਚਲੇ ਦਾਣਿਆਂ ਉੱਤੇ ਵੀ ਇਸ ਰੋਗ ਦਾ ਅਸਰ ਵੇਖਿਆ ਜਾ ਸਕਦਾ ਹੈ। ਡੰਡੇ, ਪੱਤਿਆਂ ਅਤੇ ਫਲੀਆਂ ਉੱਤੇ ਉੱਲੀ ਦੇ ਕਾਲੇ ਟਿਮਕਣੇ ਗੋਲ ਦੌਰਿਆਂ ‘ਚ ਹੁੰਦੇ ਹਨ। ਫਸਲ ਦੀਆਂ ਕੋਮਲ ਟਾਹਣੀਆਂ ਅਤੇ ਉਪਰਲੇ ਪੱਤਿਆਂ ਉੱਤੇ ਇਸ ਰੋਗ ਦਾ ਅਸਰ ਜ਼ਿਆਦਾ ਹੁੰਦਾ ਹੈ। ਮੌਸਮ ‘ਚ 20 ਡਿਗਰੀ ਸੈਂਟੀਗ੍ਰੇਡ ਤਾਪਮਾਨ, 85 ਪ੍ਰਤੀਸ਼ਤ ਤੋਂ ਵੱਧ ਨਮੀਂ ਦੇ ਨਾਲ ਬੱਦਲਵਾਈ ਅਤੇ ਰੁਕ-ਰੁਕ ਕੇ ਮੀਂਹ ਵਾਲੀਆਂ ਹਾਲਤਾਂ ਵਾਲੀਆਂ ਹਾਲਤਾਂ ਬਿਮਾਰੀ ਦੇ ਵਧਣ ਲਈ ਬਹੁਤ ਅਨੁਕੂਲ ਹਨ। ਇਨ੍ਹਾਂ ਸੂਰਤਾਂ ‘ਚ ਰੋਗ ਦਾ ਵੱਧ ਹਮਲਾ ਹੋਣ ਨਾਲ ਸਾਰੀ ਫਸਲ ਝੁਲਸ ਜਾਂਦੀ ਹੈ ਅਤੇ ਪਿੱਛੋਂ ਬਿਲਕੁਲ ਮਰ ਜਾਂਦੀ ਹੈ। ਬਿਮਾਰੀ ਰਹਿਤ ਬੀਜਾਂ ਅਤੇ ਝੁਲਸ ਰੋਗ ਦਾ ਟਾਕਰਾ ਕਰਨ ਵਾਲੀਆਂ ਛੋਲਿਆਂ ਦੀਆਂ ਕਿਸਮਾਂ ਜਿਵੇਂ ਕਿ ਪੀ ਬੀ ਜੀ-7 ਅਤੇ ਪੀ ਬੀ ਜੀ-5 ਦੀ ਕਾਸ਼ਤ ਕਰਨੀ ਚਾਹੀਦੀ ਹੈ। ਫਸਲ ਕੱਟਣ ਸਮੇਂ ਰੋਗੀ ਬੂਟੇ ਖੇਤਾਂ ‘ਚ ਖੜ੍ਹੇ ਨਹੀਂ ਰਹਿਣ ਦੇਣੇ ਚਾਹੀਦੇ, ਸਗੋਂ ਇਨ੍ਹਾਂ ਨੂੰ ਕੱਢ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।



**ਭੂਰਾ ਸਾੜਾ** : ਇਹ ਬਿਮਾਰੀ ਫਸਲ ਦੇ ਵਾਧੇ ਦੌਰਾਨ ਕਿਸੇ ਵੀ ਸਮੇਂ ਹਮਲਾ ਕਰ ਸਕਦੀ ਹੈ ਪਰ ਇਹ ਰੋਗ ਫਰਵਰੀ-ਮਾਰਚ ਵਿਚ ਸਭ ਤੋਂ ਗੰਭੀਰ ਰੂਪ ਅਖਤਿਆਰ ਕਰ ਲੈਂਦਾ ਹੈ। ਸ਼ੁਰੂਆਤ ‘ਚ ਇਸ ਰੋਗ ਨਾਲ ਪੱਤਿਆਂ ਉੱਤੇ ਛੋਟੇ, ਪਾਣੀ ਨਾਲ ਭਿੱਜੇ ਧੱਬੇ ਪੈ ਜਾਂਦੇ ਹਨ, ਜੋ ਤੇਜ਼ੀ ਨਾਲ ਆਕਾਰ ‘ਚ ਵੱਧ ਜਾਂਦੇ ਹਨ ਅਤੇ ਹਮਲੇ ਵਾਲੇ ਪੱਤੇ ਗੂੜੇ ਭੂਰੇ ਹੋ ਜਾਂਦੇ ਹਨ। ਵੱਧ ਨਮੀਂ ਵਾਲੀਆਂ ਹਾਲਤਾਂ ‘ਚ ਇਹ ਉੱਲੀ ਫੁੱਲਾਂ, ਪੱਤਿਆਂ, ਵਧ ਰਹੇ ਸਿਰਿਆਂ, ਟਾਹਣੀਆਂ ਅਤੇ ਡੰਡਿਆਂ ‘ਤੇ ਉੱਗ ਪੈਂਦੀ ਹੈ ਅਤੇ ਇਹ ਭਾਗ ਥੱਲੇ ਝੁਕ ਜਾਂਦੇ ਹਨ। ਪੌਦਿਆਂ ਦੇ ਇਹ ਹਿੱਸੇ ਬਾਅਦ ‘ਚ ਹਮਲੇ ਵਾਲੀਆਂ ਥਾਵਾਂ ਤੋਂ ਗਲਣੇ ਸ਼ੁਰੂ ਹੋ ਜਾਂਦੇ ਹਨ। ਫੁੱਲ ਅਤੇ ਵਧ ਰਹੇ ਸਿਰੇ ਵਧੇਰੇ ਖਰਾਬ ਹੁੰਦੇ ਹਨ। ਹਮਲੇ ਵਾਲੀ ਥਾਂ ‘ਤੇ ਇਹ ਉੱਲੀ ਗੂੜ੍ਹੀ ਭੂਰੀ/ਕਾਲੀ ਹੋ ਜਾਂਦੀ ਹੈ। ਫੁੱਲਾਂ ਸਮੇਂ ਨਮੀ ਦੀ ਵਧੇਰੇ ਮਾਤਰਾ ਅਤੇ 25 ਡਿਗਰੀ ਤਾਪਮਾਨ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦੇ ਹਨ।

**ਤਣੇ ਦਾ ਗਲਣਾ** : ਇਹ ਬਿਮਾਰੀ ਜ਼ਮੀਨ ਉਪਰਲੇ ਬੂਟੇ ਦੇ ਸਾਰੇ ਹਿੱਸਿਆਂ ‘ਤੇ ਹਮਲਾ ਕਰਦੀ ਹੈ। ਬਿਮਾਰੀ ਵਾਲੇ ਪੌਦਿਆਂ ਦੇ ਮੁੱਖ ਤਣੇ ਉੱਤੇ ਜ਼ਮੀਨ ਦੀ ਸਤ੍ਹਾ ਦੇ ਨੇੜੇ ਚਿੱਟੇ ਰੰਗ ਦਾ ਜਾਲਾ ਬਣ ਜਾਂਦਾ ਹੈ। ਇਸ ਜਾਲੇ ‘ਚ ਕਾਲੇ ਰੰਗ ਦੇ ਛੋਟੇ-ਛੋਟੇ ਉੱਲੀ ਦੇ ਦਾਣੇ (ਸਕਲਰੋਸ਼ੀਆ) ਨਜ਼ਰ ਆਉਂਦੇ ਹਨ। ਬਿਮਾਰੀ ਨਾਲ ਨੁਕਸਾਨੇ ਭਾਗ ਕਾਲੇ ਪੈ ਜਾਂਦੇ ਹਨ ਅਤੇ ਕੱਟੇ ਹੋਏ ਦਿਸਦੇ ਹਨ। ਠੰਢ ਅਤੇ ਜ਼ਿਆਦਾ ਨਮੀ ਵਾਲੀਆਂ ਹਾਲਤਾਂ ‘ਚ ਇਸ ਬਿਮਾਰੀ ਦਾ ਵਧ ਹਮਲਾ ਹੁੰਦਾ ਹੈ।

ਬਿਮਾਰੀ ਤੋਂ ਬਚਣ ਲਈ ਬੀਜ ਨੂੰ ਛੱਟ-ਛਾਣ ਕੇ ਉੱਲੀ ਦੇ ਕੀਟਾਣੂਆਂ ਤੋਂ ਰਹਿਤ ਕਰ ਲਓ। ਬਿਮਾਰੀ ਤੋਂ ਬਚਣ ਲਈ ਭਾਰੀਆਂ ਅਤੇ ਸੇਂਜੂ ਜ਼ਮੀਨਾਂ ‘ਚ ਛੋਲਿਆਂ ਦੀ ਬਿਜਾਈ 25 ਅਕਤੂਬਰ ਤੋਂ 10 ਨਵੰਬਰ ਵਿਚਕਾਰ ਕਰੋ। ਮਈ ਜਾਂ ਜੂਨ ਵਿਚ ਡੂੰਘੀ ਵਾਹੀ ਕਰਕੇ ਖੇਤ ਨੂੰ ਪਾਣੀ ਨਾਲ ਭਰ ਦਿਓ ਅਤੇ ਖੇਤ ਨੂੰ ਖਾਲੀ ਨਾ ਛੱਡੋ। ਛੋਲਿਆਂ ਵਾਲੇ ਖੇਤ ‘ਚ ਬਦਲ-ਬਦਲ ਕੇ ਕਣਕ ਜਾਂ ਜੌਂਅ ਬੀਜੋ। ਬਿਮਾਰੀ ਵਾਲੇ ਪੌਦੇ ਅਤੇ ਫਸਲ ਦੀ ਰਹਿੰਦ-ਖੂੰਹਦ ਨੂੰ ਇਕੱਠਾ ਨਸ਼ਟ ਕਰ ਦਿਓ।

**ਮੁੱਢਾਂ ਦਾ ਗਲਣਾ** : ਤਣੇ ਦੇ ਮੁੱਢ ਉੱਪਰ ਭੂਰੇ ਤੋਂ ਗਹਿਰੇ ਭੂਰੇ ਧੱਬੇ ਪੈਦਾ ਹੋ ਜਾਂਦੇ ਹਨ, ਜੋ ਕਿ ਬਾਅਦ ‘ਚ ਕਾਲੇ ਹੋ ਜਾਂਦੇ ਹਨ। ਇਹ ਬਿਮਾਰੀ ਜੜ੍ਹ ਦੇ ਤਣੇ ਨਾਲ ਦੇ ਹਿੱਸੇ ‘ਤੇ ਵੀ ਚਲੀ ਜਾਂਦੀ ਹੈ। ਇਸ ਨਾਲ ਤਣੇ ਦਾ ਮੁੱਢਲਾ ਸਾਰਾ ਹਿੱਸਾ ਹੀ ਸੜ ਜਾਂਦਾ ਹੈ। ਬਿਜਾਈ 25 ਅਕਤੂਬਰ ਤੋਂ 10 ਨਵੰਬਰ ਦੇ ਦਰਮਿਆਨ ਵਿਚਕਾਰ ਕਰੋ। ਛੋਲਿਆਂ ਵਾਲੇ ਖੇਤ ‘ਚ ਬਦਲ-ਬਦਲ ਕੇ ਕਣਕ ਜਾਂ ਜੌਂਅ ਬੀਜੋ।

# ਅਮਰੂਦਾਂ ਦੇ ਪੁਰਾਣੇ ਬਾਗਾਂ ਨੂੰ ਮਾਰਚ ਮਹੀਨੇ ਮੁੜ ਸੁਰਜੀਤ ਕਰੋ



ਅਮਰੂਦ ਫਲ ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਬੜੀ ਸਫਲਤਾ ਨਾਲ ਉਗਾਇਆ ਜਾ ਸਕਦਾ ਹੈ। ਪੰਜਾਬ ਵਿਚ ਇਸ ਦਾ ਰਕਬਾ ਸਿਟਰਸ ਤੋਂ ਬਾਅਦ ਦੂਜੇ ਨੰਬਰ ਤੇ ਆਉਂਦਾ ਹੈ। ਅਮਰੂਦ ਦੇ ਬਹੁਤ ਸਾਰੇ ਬਾਗ ਲੱਗੇ ਹੋਏ ਹਨ ਅਤੇ ਘਰੇਲੂ ਪੱਧਰ ਤੇ ਵੀ ਕਾਫੀ ਮਾਤਰਾ ਵਿਚ ਲਗਾਏ ਹੋਏ ਹਨ। ਇਸ ਦੀ ਨਿਊਟਰੀਸ਼ੀਅਨ ਵੈਲੀਊ (Nutrition Value) ਸੇਬ ਨਾਲੋਂ ਵੀ ਜ਼ਿਆਦਾ ਹੈ। ਜੇਕਰ ਅਮਰੂਦ ਦੇ ਬਾਗ ਦੇ ਬੂਟਿਆਂ ਦੀ ਸੰਭਾਲ ਸਹੀ ਢੰਗ ਨਾਲ ਕੀਤੀ ਜਾਵੇ ਤਾਂ ਅਮਰੂਦ ਦੇ ਬੂਟਿਆਂ ਤੋਂ 25-30 ਸਾਲ ਤੱਕ ਵਧੀਆ ਕੁਆਲਿਟੀ ਦਾ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ) ਪਟਿਆਲਾ।
ਮੋ : 75080-18903

25-30 ਸਾਲ ਤੱਕ ਬੂਟੇ ਦਾ ਸਾਈਜ਼ ਬਹੁਤ ਵੱਡਾ ਹੋ ਜਾਂਦਾ ਹੈ। ਉਸ ਦੇ ਟਾਹਣੇ ਬੇਢੱਬੇ ਹੋ ਜਾਂਦੇ ਹਨ, ਫਲ ਨੇੜੇ ਦੀਆਂ ਟਾਹਣੀਆਂ ਨੂੰ ਨਹੀਂ ਲੱਗਦਾ, ਕੁਝ ਟਾਹਣੀਆਂ ਇੱਕ ਦੂਜੇ ਵਿਚ ਫਸ ਜਾਂਦੀਆਂ ਹਨ ਅਤੇ ਕੁਝ ਬਿਮਾਰੀ ਕਾਰਨ ਸੁੱਕ ਜਾਂਦੀਆਂ ਹਨ, ਜਿਸ ਕਰਕੇ ਬੂਟਿਆਂ ਨੂੰ ਸਹੀ ਢੰਗ ਨਾਲ ਹਵਾ ਅਤੇ ਧੁੱਪ ਪ੍ਰਾਪਤ ਨਹੀਂ ਹੁੰਦੀ ਅਤੇ ਬੂਟਾ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਅੱਡਾ ਬਣ ਜਾਂਦਾ ਹੈ। ਫਲ ਦਾ ਸਾਈਜ਼ ਵੀ ਘੱਟ ਜਾਂਦਾ ਹੈ ਅਤੇ ਫਲ ਵਿਚ ਮਿਠਾਸ ਵੀ ਪੂਰੀ ਨਹੀਂ ਰਹਿੰਦੀ।

ਸੋ ਇਸ ਲਈ ਪੁਰਾਣੇ ਅਮਰੂਦਾਂ ਦੇ ਬੂਟਿਆਂ ਨੂੰ ਜ਼ਮੀਨੀ ਪੱਧਰ ਤੋਂ 4-5 ਫੁੱਟ ਦੀ ਉੱਚਾਈ ਤੋਂ (Head back) ਕੱਟ ਦੇਣਾ ਚਾਹੀਦਾ ਹੈ। ਬੂਟੇ ਦੇ ਆਲੇ-ਦੁਆਲੇ 3-4 ਟਾਹਣੇ ਵੀ 4-5 ਫੁੱਟ ਦੀ ਉੱਚਾਈ ਤੋਂ ਕੱਟ ਦੇਣੇ ਚਾਹੀਦੇ ਹਨ। ਟਾਹਣੇ ਕੱਟਣ ਉਪਰੰਤ ਕੱਟ ਵਾਲੀ ਥਾਂ 'ਤੇ ਬੋਰਡੋ ਪੇਸਟ ਲਗਾ ਦੇਣਾ ਚਾਹੀਦਾ ਹੈ। ਬੋਰਡੋ ਪੇਸਟ ਬਣਾਉਣ ਲਈ 2 ਕਿਲੋ ਨੀਲਾ ਥੋਥਾ 15 ਲੀਟਰ ਪਾਣੀ ਵਿਚ ਘੋਲੋ। 3 ਕਿਲੋ ਅਣਬੁਝਿਆ ਚੂਨਾ ਹੋਰ 15 ਲੀਟਰ ਪਾਣੀ ਵਿਚ ਘੋਲੋ। ਫਿਰ ਦੋਨੋਂ ਘੋਲਾਂ ਨੂੰ ਮਿਕਸ ਕਰਕੇ ਬੁਰਸ਼ ਨਾਲ ਕੱਟ ਵਾਲੀ ਥਾਂ 'ਤੇ ਲਾਵੋ ਜਾਂ ਬਲਾਈਟਾਕਸ ਪਾਊਡਰ ਦਾ ਗਾੜਾ ਘੋਲ ਬਣਾ ਕੇ ਕੱਟੀ ਹੋਈ ਥਾਂ 'ਤੇ ਲਗਾਉ। ਜੇਕਰ ਕੋਈ ਜ਼ਮੀਨ ਨਾਲ ਛੂੰਹਦਾ ਟਾਹਣਾ ਹੈ ਤਾਂ ਉਹ ਮੁੱਖ ਤਣੇ ਤੋਂ ਹੀ ਕੱਟ ਦੇਣਾ ਚਾਹੀਦਾ ਹੈ ਤਾਂ ਕਿ ਕੋਈ ਕੀੜਾ-ਮਕੌੜਾ/ਬਿਮਾਰੀ ਜ਼ਮੀਨ ਤੋਂ ਬੂਟੇ ਨੂੰ ਨਾ ਲੱਗ ਸਕੇ। ਇਸ ਨਾਲ ਬੂਟੇ ਉੱਤੇ ਹੋਣ ਵਾਲੇ ਕੰਮ (ਜਿਵੇਂ ਖਾਦ ਪਾਉਣੀ, ਗੋਡੀ ਕਰਨੀ, ਪਾਣੀ ਦੇਣਾ ਅਤੇ ਸਪਰੇਅ ਕਰਨਾ) ਆਦਿ ਵਿੱਚ ਅਸਾਨੀ ਹੋ ਜਾਵੇਗੀ। 4-5 ਮਹੀਨੇ ਬਾਅਦ ਬੂਟੇ ਤੋਂ ਬਹੁਤ ਸਾਰੀਆਂ ਲਗਰਾਂ ਫੁੱਟ ਆਉਣਗੀਆਂ ਅਤੇ ਇਨ੍ਹਾਂ ਦੀ ਲੰਬਾਈ 40-50 ਸੈਂਟੀਮੀਟਰ ਹੋ ਜਾਵੇਗੀ। ਅਗਸਤ ਮਹੀਨੇ ਵਿਚ ਇਨ੍ਹਾਂ ਨਵੀਆਂ ਟਾਹਣੀਆਂ ਨੂੰ 50% ਕੱਟ ਦਿਓ ਤਾਂਕਿ ਹੋਰ ਨਵੀਆਂ ਟਾਹਣੀਆਂ ਵੀ ਫੁੱਟ ਆਉਣ। ਜ਼ਿਆਦਾ ਟਾਹਣੀਆਂ ਹੋਣ ਕਰਕੇ ਕੁੱਝ ਟਾਹਣੀਆਂ ਦੀ ਪਰੂਨਿੰਗ ਕਰ ਦਿਓ ਜੋ ਇਕ ਦੂਜੇ ਵਿਚ ਫਸਦੀਆਂ ਹੋਣ ਅਤੇ ਸੰਘਣੀਆਂ ਹੋਣ। ਆਉਂਦੇ ਸਤੰਬਰ-ਅਕਤੂਬਰ ਮਹੀਨੇ ਕੁਝ ਟਾਹਣੀਆਂ ਨੂੰ ਫੁੱਲ ਆ ਜਾਣਗੇ ਅਤੇ ਫਲ ਵੀ ਪ੍ਰਾਪਤ ਕੀਤਾ ਜਾ ਸਕੇਗਾ। ਪਰ ਅਗਲੇ ਸਾਲ ਜ਼ਿਆਦਾ ਮਾਤਰਾ ਵਿਚ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ। ਪਹਿਲੇ ਸਾਲ ਆਮਦਨ ਦਾ ਘਾਟਾ ਪੂਰਾ ਕਰਨ ਲਈ ਕੱਟੀ ਹੋਈ ਲੱਕੜ ਵੇਚੀ ਜਾ ਸਕਦੀ ਹੈ, ਉਸ ਵਿਚ ਹੋਰ ਅੰਤਰ ਫਸਲਾਂ (Intercrop) ਜਿਵੇਂ ਦਾਲਾਂ, ਸਬਜ਼ੀਆਂ, ਫਲ ਆਦਿ ਵੀ ਬੀਜੀਆਂ ਜਾ ਸਕਦੀਆਂ ਹਨ। ਇਸ ਤੋਂ ਬਾਗਬਾਨੀ ਵਿਭਾਗ ਪੰਜਾਬ ਤੋਂ ਕੋਈ ਬਾਗਬਾਨੀ ਮਿਸ਼ਨ ਰੀਜ਼ੂਵੀਨੇਸ਼ਨ ਸਕੀਮ (Rejuvenation Scheme) ਅਧੀਨ ਸਬਸਿਡੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਸਬਸਿਡੀ ਪ੍ਰਾਪਤ ਕਰਨ ਲਈ ਤੁਸੀਂ ਆਪਣੇ ਬਲਾਕ ਦੇ ਬਾਗਬਾਨੀ ਵਿਕਾਸ ਅਫਸਰ ਜਾਂ ਜ਼ਿਲ੍ਹਾ ਪੱਧਰ ਤੇ ਡਿਪਟੀ-ਡਾਇਰੈਕਟਰ ਬਾਗਬਾਨੀ ਨਾਲ ਸੰਪਰਕ ਕਰ ਸਕਦੇ ਹੋ।







10 ਸਾਲ ਤੋਂ ਵੱਧ ਉਪਰ ਦੇ ਬੂਟਿਆਂ ਨੂੰ ਅੱਧਾ ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ ਅਤੇ 750 ਗ੍ਰਾਮ ਮਿਊਰੇਟ ਆਫ ਪੋਟਾਸ਼ ਜੂਨ ਮਹੀਨੇ ਅਮਰੂਦ ਦੇ ਬੂਟੇ ਨੂੰ ਪਾਓ। ਇੰਨੀ ਹੀ ਖਾਦ ਦੁਬਾਰਾ ਅਕਤੂਬਰ ਮਹੀਨੇ ਅਮਰੂਦ ਦੇ ਬੂਟੇ ਨੂੰ ਪਾਓ।

ਕਈ ਵਿਅਕਤੀ ਫਲ ਕਾਣਾ ਹੋਣ ਕਰਕੇ ਜਾਂ ਫਲ ਦਾ ਸਾਈਜ਼ ਘੱਟ ਹੋਣ ਕਰਕੇ ਅਮਰੂਦ ਦੇ ਬੂਟੇ ਨੂੰ ਜੜ੍ਹ ਤੋਂ ਪੁੱਟ ਦਿੰਦੇ ਹਨ ਕਿ ਬੂਟਾ ਠੀਕ ਨਹੀਂ ਹੈ। ਇਸ ਵਿਚ ਬੂਟੇ ਦੀ ਸਾਂਭ ਸੰਭਾਲ ਅਤੇ ਖੁਰਾਕ ਦੀ ਕਮੀ ਹੋ ਸਕਦੀ ਹੈ ਪਰ ਬੂਟੇ ਵਿਚ ਕੋਈ ਕਮੀ ਨਹੀਂ ਹੁੰਦੀ। ਸੋ ਬੂਟੇ ਨੂੰ ਸਮੇਂ ਸਿਰ ਮਈ ਮਹੀਨੇ ਰੂੜ੍ਹੀ ਦੀ ਖਾਦ ਅਤੇ ਸਪਰੇਅ ਆਦਿ ਕਰੋ ਅਤੇ ਵਧੀਆ ਕੁਆਲਿਟੀ ਦਾ ਫਲ ਪ੍ਰਾਪਤ ਕਰੋ।

ਜਿਹੜੇ ਬੂਟਿਆਂ ਨੂੰ ਮਾਰਚ ਮਹੀਨੇ ਰੀਜ਼ੂਵੀਨੇਟ ਕੀਤਾ ਹੈ, ਉਨ੍ਹਾਂ ਨੂੰ ਗਰਮੀਆਂ ਦੇ ਮਹੀਨੇ ਵਿਚ 7 ਤੋਂ 10 ਦਿਨਾਂ ਬਾਅਦ ਲਗਾਤਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ ਤਾਂ ਕਿ ਕੱਟੇ ਹੋਏ ਬੂਟੇ ਤੋਂ ਬਹੁਤ ਸਾਰੀਆਂ ਟਾਹਣੀਆਂ ਫੁੱਟ ਪੈਣ ਅਤੇ ਬੂਟੇ ਦੀ ਛੱਤਰੀ ਵਧੀਆ ਤਰੀਕੇ ਨਾਲ ਪ੍ਰਫੁੱਲਤ ਹੋ ਸਕੇ। ਜੇਕਰ ਪਾਣੀ ਨਾ ਦਿੱਤਾ ਜਾਵੇ ਤਾਂ ਬੂਟਿਆਂ ਦੇ ਸੁੱਕਣ ਦਾ ਕਾਰਨ ਵੀ ਹੋ ਸਕਦਾ ਹੈ ਅਤੇ ਬੂਟੇ ਦੀ ਛੱਤਰੀ ਵੀ ਵਧੀਆ ਨਹੀਂ ਬਣੇਗੀ। ਜੇਕਰ ਤਣੇ ਵਿਚ ਮੋਰੀ ਹੋਣੀ ਲਗਦਾ ਹੈ ਅਤੇ ਬੂਰ ਨਿਕਲ ਰਿਹਾ ਹੈ ਤਾਂ ਉਹ ਸਟਿਮ ਬੋਰਡ ਸੁੰਡੀ ਕਰਕੇ ਹੁੰਦਾ ਹੈ। ਫਿਰ ਤਣੇ ਤੋਂ ਬੂਰ ਉਤਾਰ ਕੇ ਕੋਈ ਕੀੜੇਮਾਰ ਦਵਾਈ 4-5 ਮਿ. ਲੀ./ਲੀਟਰ ਪਾਣੀ ਵਿਚ ਘੋਲ ਕੇ ਸਰਿੰਜ ਨਾਲ ਪਾਓ ਅਤੇ ਮੋਰੀ ਨੂੰ ਗਾਰੇ ਨਾਲ ਬੰਦ ਕਰ ਦਿਓ। ਸਟੱਮ ਬੋਰਰ ਦੀ ਸੁੰਡੀ ਮਰ ਜਾਵੇਗੀ।

ਗਰਮੀ ਤੋਂ ਬਚਾਅ ਲਈ ਬੂਟਿਆਂ ਦੇ ਤਣੇ ਉੱਤੇ ਡੇਢ ਤੋਂ ਦੋ ਫੁੱਟ ਤੱਕ ਕਲੀ ਕਰ ਦੇਣੀ ਚਾਹੀਦੀ ਹੈ। ਇਹ ਕਲੀ ਦਾ ਘੋਲ ਤਿਆਰ ਕਰਨ ਲਈ 25 ਕਿਲੋ ਅਣਬੁਝਿਆ ਚੂਨਾ, ਅੱਧਾ ਕਿਲੋ ਸੁਰੇਸ਼, ਅੱਧਾ ਕਿਲੋ ਨੀਲਾ ਥੋਥਾ ਅਤੇ 100 ਲੀਟਰ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਹਰ ਜ਼ਿਲ੍ਹੇ ਵਿਚ ਬਣੇ ਕੇ. ਵੀ. ਕੇ. ਦੇ ਬਾਗਬਾਨੀ ਮਾਹਰਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ।



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com